# ਮਟਕ ਹੁਲਾਰੇ

ਅਰਥਾਤ

## ਕਸ਼ਮੀਰ ਕਵਿਰੰਗ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ- 110 001

 www.sikhbookclub.com

# ਮਟਕ ਹੁਲਾਰੇ

*ਭਾਈ ਸਾਹਿਬ ਭਾਈ ਵੀਰ ਸਿੰਘ*

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਐਡੀਸ਼ਨ : 2007

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਪ੍ਰਿੰਟਰ :
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਮੁੱਲ : 30/- ਰੁਪਏ

 www.sikhbookclub.com

*੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥*

# ਮੁਖਬੰਧ

## ੧.

**ਤਿੰਨ** ਸਾਲ ਦੇ ਲਗ ਪਗ ਹੋਣ ਲੱਗੇ ਹਨ, ਜਦ ਇਸ ਸੰਚਯ ਵ੍ਰਿਚ ਦਿੱਤੀਆਂ ਇਨ੍ਹਾਂ ਅਸਮਾਨੀ ਪੀਂਘਾਂ ਵਿਚ ਝੂਲਦੇ ਰੰਗਾਂ ਦੀਆਂ ਜੀਂਦੀਆਂ ਮੂਰਤਾਂ ਦੇ ਰਚਣਹਾਰ ਰਸ-ਵੈਰਾਗਜ ਅੰਕਿਕ, ਕਵਿ ਚੂੜਾਮਣਿ ਕਸ਼ਮੀਰ ਗਏ ਸਨ। ਕੋਈ ਜਾਂਦੇ ਹਨ, ਕੋਈ ਆਂਦੇ ਹਨ, ਪਰ ਇਹ "ਕੁਦਰਤ-ਵੱਸਿਆ" ਦੇ ਪਿਆਰੇ ਆਪਣੇ ਰੰਗ ਵਿਚ "ਕੁਦਰਤ ਦੇਵੀ" ਦੇ ਮਹਿਮਾਨ ਬਣੇ ਸਨ ਤੇ ਅੰਦਰ ਕੁਦਰਤ ਦੇ ਕਾਲਜੇ ਵਿਚ, ਜਿਹੜਾ ਰੱਬ ਦਾ 'ਰਾਗ ਮੰਦਰ' ਹੈ, ਓਥੇ ਜਾ ਟਿਕੇ ਸਨ। ਕੁਦਰਤ ਤੇ ਕਵੀ ਦਾ ਅਜ਼ਲ ਥੀਂ ਪਿਆਰ ਹੈ, ਕਵੀ ਦੀ ਛਾਤੀ ਵਿਚ ਕੁਦਰਤ ਦੀ ਛਾਤੀ ਆਣ ਉੱਛਲਦੀ ਹੈ। ਕੁਦਰਤ ਦਾ 'ਅਰੂਪ-ਨਾਦ' ਕਵੀ ਦੇ 'ਰਸ-ਅਲਾਪ' ਵਿਚ ਮੂਰਤੀਮਾਨ ਹੁੰਦਾ ਹੈ ਤੇ ਕਵੀ ਆਪ ਇਸ 'ਕਵੀ-ਕੁਦਰਤ-ਸੰਜੋਗ' ਵਿਚ ਬਿਹਬਲ ਹੋ ਇਕ ਅਣੋਖੀ ਬਿਸਮਿਲ ਬੇਖੁਦੀ ਵਿਚ ਗੜੂੰਦ ਹੁੰਦਾ ਹੈ; ਜਿਸ ਦੇ ਝਲਕੇ ਦਾ ਅਨੁਮਾਨ ਉਸ ਅਸਰ ਹੇਠ ਰਚੀਆਂ ਹੋਈਆਂ ਸਤਰਾਂ ਤੋਂ ਹੀ ਲੱਗ ਸਕਦਾ ਹੈ-

'ਕੁਦਰਤ' ਤੇ 'ਕਾਦਰ' ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫੀਰੋਜ਼ੀ, ਝਲਕ ਬਲੌਰੀ
ਡਲ੍ਹਕ ਮੋਤੀਆਂ ਵਾਲੀ,
ਰੂਹ ਵਿਚ ਆ ਆ ਜਜ਼ਬ ਹੋਇ
ਜੀ ਵੇਖ ਵੇਖ ਨਹੀਂ ਰਜਦਾ।

(ਸਫ਼ਾ ੬੫)

ਕੁਦਰਤ ਤੇ ਕਵੀ ਦੇ ਸੰਜੋਗੀ ਮੇਲੇ ਰੂਹ ਦੇ ਇਤਿਹਾਸ ਵਿਚ ਕਾਮਯਾਬ ਤੇ ਅਣਮੁੱਲੀਆ ਘਟਨਾਂ ਹਨ, ਕਦੀ ਕਦੀ ਇਕ ਖਿਣ ਦੇ ਚਮਤਕਾਰ 'ਚੇਤੰਨਯ' ਜੈਸੀ ਸੁਰਤ ਸਦਾ ਉਨਮਾਦ ਵਿਚ ਲੈ ਜਾਂਦੇ ਹਨ। ਪਰ ਜਦ ਹੁੰਦੇ ਹਨ, ਇਨ੍ਹਾਂ ਮੇਲਿਆਂ ਵਿਚ ਅਕਹਿ ਖੁਸ਼ੀ ਦੇ ਸੋਮੇ ਫੁੱਟ ਪੈਂਦੇ ਹਨ। ਇਸ ਰਸ ਦੇ ਦਰਯਾ ਅੰਨ੍ਹੱਲ੍ਹਵੇਂ ਹੁੰਦੇ ਹਨ, ਜਿਨ੍ਹਾਂ ਦੇ ਅਨੰਤ ਤੀਬਰ ਵਗ ਦੀ ਤਸਵੀਰ ਕਵੀ ਜੀ ਕੋਲੋਂ ਇਉਂ ਖਿੱਚੀ ਗਈ ਹੈ :-

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ,
ਹੈ ਟੋਰ ਅਨੰਤ ਉਨ੍ਹਾਂ ਦੀ-


www.sikhbookclub.com

ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

(ਸਫ਼ਾ ੬੪)

ਕੁਦਰਤ ਕਵੀ ਦਾ ਮੇਲਾ ਹਰ ਸਮੇਂ, ਹਰ ਥਾਂ ਇਕ ਨਵੇਂ ਰਸਿਕ ਪ੍ਰਕਾਸ਼ ਦਾ ਮੰਗਲ ਵੇਲਾ ਹੁੰਦਾ ਹੈ, "ਸਰਬੰ ਖਲੁ ਵਿਦ"-ਚਾ ਵਿਚ ਆਉਂਦਾ ਹੈ, ਖਿੜੇ ਫੁਲ ਆਪਣੀਆ ਰੰਗ ਅਫ਼ਸ਼ਾਨੀਆਂ ਵਿਚ ਨਾਚ ਕਰਦੇ ਹਨ, ਤਾਰਿਆਂ ਦੇ ਪਹਿਲਾਂ ਦੀਪ ਮਾਲਾ ਹੁੰਦੀ ਹੈ, ਇਸ ਪਿਆਰ-ਛੁਹ ਦੇ ਰਸ ਨਾਲ ਮਸਤ ਹੋ ਸ਼ਮੀਰਾਂ ਨਸ਼ੀਲੀ ਨਸ਼ੀਲੀ ਮਟਕ ਵਿਚ ਨਰਮ ਨਰਮ ਰੁਮਕਿਆਂ ਨਾਲ ਅਠਖੇਲੀਆਂ ਕਰਦੀਆਂ ਦੇ ਖੇੜੇ ਖੇੜਦੀਆਂ ਜਾਂਦੀਆਂ ਹਨ, 'ਸਦਾ ਬਸੰਤ' ਦੇ ਸਮੇਂ ਦਾ ਪ੍ਰਭਾਵ ਛਾ ਜਾਂਦਾ ਹੈ, ਸੁਫਨੇ ਤੇ ਨੀਂਦਰ ਦਾ ਰੰਗ ਹੁੰਦਾ ਹੈ, ਵਿਚ ਸਰਬੱਤੀ ਜੀਵਨ ਦੀ ਜੁੰਬਸ਼ ਦੀ ਲਹਿਰ ਆ ਪੈਂਦੀ ਹੈ। ਇਉਂ ਤੇ ਇਹੋ ਜਿਹਾ 'ਕਵੀ-ਕੁਦਰਤ-ਸੰਗਮ' ਇਨ੍ਹਾਂ ਗੁਲਜ਼ਾਰਾਂ ਵਿਚ ਹੈ ਤੇ ਇਨ੍ਹਾਂ ਛਪੇ ਵਰਕਿਆਂ ਵਿਚ 'ਜੀਵਨ-ਜਲ' ਦੇ ਸੋਮੇਂ ਚੱਲ ਰਹੇ ਹਨ।

## ੨.

ਇਸ ਸੰਚਯ ਵਿਚ ਅੰਕਿਤ ਕਵਿਤਾ ਦੀਆਂ ਚੰਨ-ਟੁਕੜੀਆਂ ਚਿੱਤ੍ਰਕਾਰ ਜੀ ਨੇ ਪਿਨਸਲ ਦੀਆਂ ਮੱਧਮ ਲਕੀਰਾਂ ਜਿਹੀਆਂ ਵਿਚ ਲੁਕਾਈਆਂ ਬੈਰਾਗੀ ਵਰਕਿਆਂ ਵਿਚ ਸੁੱਟੀਆਂ ਹੋਈਆਂ ਸਨ। ਏਹ ਕਾਗਤ ਟੁਕੜੇ ਵਿਕੋਲਿੱਤਰੇ ਪਏ ਸਨ। 'ਅਮੀਰ-ਰਸ' ਸਦਾ ਬੇਪਰਵਾਹ

ਵਹਿੰਦਾ ਹੈ, ਸੁੰਦਰਤਾ ਨੂੰ ਕਦੀ ਚਿੰਤਾ ਨਹੀਂ ਫੁਰੀ-ਕਿ ਮੈਂ ਕਿੱਥੇ ਹਾਂ, ਮੇਰਾ ਕੰਮ ਕੀਹ ਹੈ? ਕੁਛ ਕਰਨਾ ਹੈ? ਮੈਂ ਕਿਧਰ ਜਾਣਾ ਹੈ?-ਸੁਹਣਾ ਹੋਣਾ, ਚਮਕਣਾ, ਭਾਵਾਂ ਵਿਚ ਕੰਬ ਜਾਣਾ ਬੱਸ ਕਾਫੀ ਹੈ। ਕਈ ਵੇਰ ਅੰਮ੍ਰਿਤਸਰ ਆਇਆਂ ਇਹ ਨੂਰੀ ਚੀਜ਼ਾਂ ਮੈਨੂੰ ਇਉਂ ਦਿੱਸ ਪਈਆਂ ਜਿਵੇਂ ਕੋਈ ਰੂਪਵੰਤੀਆਂ ਸਾਹਜ਼ਾਦੀਆਂ ਭਰ ਜਵਾਨੀ ਦੇ ਜੋਸ਼ ਵਿਚ ਆਪੇ ਤੇ ਮਸਤ ਹੋ ਮਹੱਲਾਂ ਨੂੰ ਛੱਡ 'ਰੂਪ-ਮਾਣਨ' ਦੇ ਉਨਮਾਦ ਵਿਚ ਲੀਰਾਂ ਪਾਈ ਰੁਲ ਰਹੀਆਂ ਹਨ। ਉਨ੍ਹਾਂ ਦੇ ਸੁਹਣੇ ਅੰਗ ਤੇ ਰੂਪ ਪਿਨਸਲੀ ਮੱਧਮਤਾ ਵਿਚੋਂ ਦੀ ਚਮਕਦੇ ਹਨ। ਇਹ ਕਾਵਜ ਦੀਆਂ ਸਤਰਾਂ ਨਹੀਂ, ਇਹ ਸੁਅੰਗਨੀਆਂ ਸੁੰਦਰੀਆ ਹਨ। ਕੋਈ ਰਾਜ ਕੰਨਜਾਂ ਹਨ। ਇਹ ਦੇਵੀਆਂ ਕਸ਼ਮੀਰ ਬਾਗ਼ ਵਿਚ ਫਿਰਦੀਆਂ ਕਈ ਵੇਰ ਡੂੰਘੀਆਂ ਸ਼ਾਮਾਂ ਦੇ ਹਨੇਰੇ ਵਿਚ ਆਣ ਕਰਤਾ ਜੀ ਨੂੰ ਮਿਲੀਆਂ ਤੇ ਉਨ੍ਹਾਂ ਦੀ ਬਾਂਹ ਪਕੜ ਨਾਲ ਤੁਰੀਆਂ ਆਈਆਂ, ਇਉਂ ਇਕ ਮਿਕ ਹੋਈਆਂ ਜਿਵੇਂ ਸਦੀਆਂ ਦੀਆਂ ਵਾਕਫ ਸਨ। ਡੂੰਘੀਆਂ ਸ਼ਾਮਾਂ ਦੇ ਮੂੰਹ ਝਾਖਰਿਆਂ ਵਿਚ ਇਨ੍ਹਾਂ ਦੇ ਮੂੰਹ ਵੇਖਣ ਨੂੰ ਕਰਤਾ ਜੀ ਨੇ ਕਸ਼ਮੀਰ ਦੀਆਂ ਉਜਾੜਾਂ ਤੇ "ਬਨ-ਰਾਹਾਂ" ਵਿਚ ਖਲੋ ਕਿਸੇ ਪੇਡੂ ਹੱਟੀ ਵਾਲੇ ਦੇ ਦੀਵੇ ਉਧਾਰ ਲਏ ਤੇ ਮਾਂਗਵੇਂ ਦੀਵਿਆਂ ਦੇ ਨੂਰ ਨਾਲ ਇਨ੍ਹਾਂ ਨੂਰੀਆਂ ਦੇ ਮੂੰਹ ਤੱਕੇ, ਇਨ੍ਹਾਂ ਨੂੰ ਸਿਞਾਤਾ ਤੇ ਇਨ੍ਹਾਂ ਦੇ ਨਕਸ਼ ਕਈ ਵੇਰ ਰੱਦੀ ਕਾਗਤਾਂ ਉਤੇ ਪਿਨਸਲਾਂ ਨਾਲ ਦੀਵੇ ਦੇ ਮੱਧਮ ਚਾਨਣੇ ਵਿਚ ਅੰਕਤ ਕੀਤੇ। ਉਧਾਰ ਦੇਣ ਵਾਲਿਆਂ ਨੂੰ ਪਤਾ ਨਾ ਲਗਾ ਕਿ ਦੀਵੇ ਉਧਾਰ ਲੈਣ

ਵਾਲਿਆਂ ਨੇ ਮਾਰਗਵੇਂ ਦੀਵਿਆਂ ਦੀਆਂ ਲਾਟਾਂ ਹੇਠ ਕਿੰਨੇ ਪਿਆਰ ਪਾਏ, ਦੋਸਤ ਬਣਾਏ, ਬੰਦੇ ਪਛਾਤੇ, ਸੁਹਣੇ ਸੁਫਨੇ ਗਲ ਲਾਏ, ਸੁੰਦਰਤਾ ਦੀਆ ਛਬੀਆਂ ਘੜੀਆਂ, ਸੰਵਾਰੀਆਂ ਤੇ ਸਜਾਈਆਂ।

ਕਈ ਵੇਰ ਰਾਤ ਦੇ ਹਨੇਰੇ ਵਿਚ ਹੀ ਪਿਨਸਲਾਂ ਨਾਲ ਇਨ੍ਹਾਂ ਦੀਆ ਰੇਖਾਂ ਵਾਹ ਸੁੱਟੀਆਂ।

ਐਤਕਾਂ ਦੇ ਫੇਰੇ ਵਿਚ ਮੈਂ ਹੀਆ ਕਰਕੇ ਇਨ੍ਹਾਂ ਵਿਲੋਲਿੱਤਰੇ ਪਏ 'ਪਿਨਸਲ ਅੰਕਿਤ' ਚਿਤ੍ਰਾਂ ਨੂੰ ਛਾਪੇ ਦਾ ਜਾਮਾਂ ਪਾਏ ਜਾਣ ਦੀ ਇੱਛਾ ਤੀਬ੍ਰਤਾ ਨਾਲ ਪ੍ਰਗਟ ਕਰਕੇ ਇਨ੍ਹਾਂ ਨੂੰ ਇਸ ਛਾਪੇ ਦੇ ਰੂਪ ਲਿਆਉਣ ਲਈ ਕਾਮਯਾਬੀ ਪ੍ਰਾਪਤ ਕਰ ਹੀ ਲਈ।

## ੩.

'ਕਵੀ ਕੁਦਰਤ ਸੰਜੋਗ-ਚੁਪ' ਇਕ 'ਚੁੰਬਕ-ਚੁਪ' ਹੈ, ਪਰ ਲੋਹੇ ਦੇ ਕਿਣਕਿਆਂ ਦੀ ਤੜਪ ਇਹਦੇ ਅੰਦਰ ਦੇ ਰੰਗ ਦੀਆਂ ਅਦਾਵਾਂ ਤੇ ਰਾਜ਼ ਤੇ ਰਮਜ਼ਾਂ ਕੁਛ ਕੁਛ ਬੇ-ਨਕਾਬ ਕਰਦੀ ਹੈ। ਕਵੀ ਜੀ ਦੀਆਂ ਕਵਿਤਾਵਾਂ ਇਨ੍ਹਾਂ ਕਿਣਕਿਆਂ ਵਾਂਗ ਕੰਬ ਰਹੀਆਂ ਹਨ। ਪਿਆਰ ਨੇ ਜ਼ਿੰਦਗੀ ਦਾ ਚਿੱਟਾ ਫੜਕਦਾ ਬਾਜ਼ ਹੱਥ ਉੱਪਰ ਬਿਠਾਯਾ ਹੋਯਾ ਹੈ ਤੇ ਇਹਦੇ ਪੰਜਿਆਂ ਵਿਚ ਕਾਲ ਘੁੰਗਰੂ ਵਜ ਰਹੇ ਹਨ। ਬਾਜ਼ ਦੇ ਫੰਘਾਂ ਦੀ ਫਰਫਰਾਹਟ ਧੁਰੋਂ ਅੰਦਰੋਂ ਸੁਣਾਈ ਦਿੰਦੀ ਹੈ, ਚੁੱਪ ਕਮਾਲ ਹੈ, ਪਰ ਰਾਗ ਇਲਾਹੀ ਵੱਜ ਰਿਹਾ ਹੈ :-

"ਨਾ ਕੋਈ ਨਾਦ ਸਰੋਦ ਸੁਣੀਵੇ
"ਫਿਰ 'ਸੰਗੀਤ-ਰਸ' ਛਾਇਆ।"

(ਸਫ਼ਾ ੬੫)

ਸ਼ਾਂਤਿ ਹੈ, ਪਰ ਅਨੰਤ ਚਾਲ ਅਰੁਕਵੀਂ ਇਹਦੇ ਅੰਦਰ ਜਿੰਦ ਵਾਂਗ ਤੜਪ ਰਹੀ ਹੈ। ਬਿਜਲੀ ਕੂੰਦ ਰਹੀ ਹੈ, ਪ੍ਰਭਾਤ ਫੜਕ ਰਹੀ ਹੈ, ਕਿਰਨਾਂ ਕੰਬ ਰਹੀਆਂ ਹਨ, ਅੱਜ ਕੁਦਰਤ ਦੇਵੀ ਦੇ ਘਰ ਇਹ 'ਪਿਆਰ ਰਸ' ਦਾ ਪਿੜ ਬੱਝ ਰਿਹਾ ਹੈ, ਸਭ ਕੁਛ ਰਸ ਦੇ ਸਮੁੰਦਰ ਵਿਚ ਡੁਬਕੀਆਂ ਲੈ ਰਿਹਾ ਹੈ। ਕਵੀ ਦੀ ਰਗ ਰਗ ਖਿੜਦੇ ਫੁੱਲ ਦੀਆਂ ਨਾੜਾਂ ਵਾਂਗ 'ਸਦਾ-ਵਿਗਾਸ' ਦੇ ਜਜ਼ਬੇ ਵਿਚ ਤੜਪ ਉੱਠੀ ਹੈ ਤੇ ਆਪਦੀ ਨਜ਼ਰ ਨਸ਼ੀਲੀ ਵਿਚ ਸਭ ਕੁਛ ਅਨੰਤ ਹੋ ਰਿਹਾ ਹੈ, 'ਰਸ-ਰੰਗ' ਦੀ ਬਰਖ਼ਾ ਹੋ ਰਹੀ ਹੈ। ਇਧਰ ਇਹ ਸਰਬੱਤੀ ਪਿਘਲਿਆ ਪਿਆਰ ਇਸ ਅਕਹਿ ਸਮੇਂ ਸਮੁੰਦਰ ਵਾਂਗ 'ਹੋਇ ਫੈਲਿਓ ਅਨੁਰਾਗ' ਵਾਲੇ ਰੰਗ ਵਿਚ ਤੇ ਉਪਰ ਕੁਦਰਤ ਦੀ ਸਾਰੀ ਪੰਘਰੀ ਹੋਈ ਸੁੰਦਰਤਾ ਅਨੇਕ ਆਭਾਂ ਵਾਲੀ, ਅਨੇਕ ਰੂਪਾਂ ਰੰਗਾਂ ਵੰਨਾਂ ਵਿਚ ਮੁੜ ਮੁੜ ਰੂਪ ਅਰੂਪ ਹੋ ਬਿਜਲੀ ਲਿਸ਼ਕਾਰਿਆਂ ਵਾਂਗ ਇਸ ਰਸ ਦੇ ਸਮੁੰਦਰ ਤੇ ਚਮਕਦੀ ਹੈ ਤੇ ਜਿਸ ਘੁਲੇ ਭਾਵਾ ਦੇ ਲਹਿਰਦੇ ਸਮੁੰਦਰ ਵਿਚੋਂ ਮੂਰਤੀਮਾਨ ਹੋ ਨਿਕਲਦੀ ਹੈ, ਜਿਵੇਂ ਚੰਨ ਤੇ ਸੂਰਜ ਦੀਆਂ ਟੁਕੜੀਆ ਲਹਿਰਾਂ ਵਿਚੋਂ ਬਾਹਰ ਨਿਕਲ ਆਵਣ।


www.sikhbookclub.com

ਇਥੇ ਇਕ ਪਾਸੇ ਕੜੇ ਸਮੁੰਦਰੀ ਤੂਫਾਨ ਦੇ ਮੱਥੇ ਤੇ ਪਈ ਕਾਲੀ ਤੀਊੜੀ ਨੂੰ ਤੇ ਦੂਜੇ ਪਾਸੇ ਚੰਬੇਲੀ-ਫੁਲ ਦੀ ਨਰਮ ਚਿੱਟੀ ਸ਼ਰਮੀਲੀ ਹੰਸੀ ਨੂੰ ਇਕ ਹੀ ਵਾਹੀ ਲਕੀਰ ਦੇ ਫੇਰ ਦੀ ਬੱਸ ਰਮਜ਼ ਵਿਚ ਅੰਕਿਤ ਕਰ ਦਿਖਾਉਣਾ ਕਵਿਤਾ ਦੀ ਕਰਾਮਾਤ ਹੈ।

*ਵਿੱਥਾ ਅਮਿਣਵੀਆਂ ਵਿਚ,*
*ਸਿਰ ਚੀਰਦੇ ਥਰਾਂਦੇ।*
*ਜਾਂਦੇ ਅਨੰਤ ਚਾਲੀਂ,*
*ਚਮਕਾਂ ਦੇ ਹਨ ਓਹ ਸਾਈਂ।*
*ਚਮਕਾਰ ਰੰਗ ਦੇਣਾ,*
*ਰਸ ਝੂਮ ਵਿਚ ਝੂੰਮਾਣਾਂ,*
*ਇਕ 'ਜਿੰਦ-ਛੋਹ' ਲਾਣੀ,-*
*ਅਟਕਣ ਨਹੀਂ ਕਿਥਾਈਂ।*
*ਲਰਜ਼ਾ ਵਤਨ ਜਿਨ੍ਹਾਂ ਦਾ*
*ਲਰਜ਼ਾ ਵਜੂਦ ਉਨ੍ਹਾਂ ਦਾ,*
*ਰੇਖਾ ਅਨੰਤ ਅਟਿਕਵੀਂ,*
*ਲਰਜ਼ੇ ਦੇ ਮੱਥੇ ਪਾਈ।*

(ਸਫ਼ਾ ੪੨)



 www.sikhbookclub.com

ਸੰਗ-ਮਰਮਰ ਵਿਚ ਪੱਥਰ ਹੋਈ ਸੁੰਦਰਤਾ ਨੂੰ 'ਜੀਅਦਾਨ' ਦੇਣਾ ਆਰਟ (ਉਨਰ) ਦੀ ਉੱਚੀ ਕਿਰਤ ਹੈ, ਮੋਏ ਪੱਥਰਾਂ ਨੂੰ ਕਵੀ ਦੇ ਦਿਲ ਦੀ ਜੁੰਬਸ਼ ਹਲੂਣਦੀ ਹੈ ਤੇ ਇਕ ਨਵਾਂ ਦਰਦ ਆਉਣ ਵਾਲੇ ਸਮੇ ਦੇ ਦਿਲ ਵਿਚ ਛਿੜ ਜਾਂਦਾ ਹੈ।

*ਮਾਰ ਪਈ ਜਦ ਮਾਰਤੰਡ ਨੂੰ,*
*ਪੱਥਰ ਰੋ ਕੁਰਲਾਣੇ:-*
*ਪੱਥਰ ਤੋੜੇਂ ਦਿਲ ਪਜੇ ਟੁਟਦੇ*
*ਦਿਲ ਕਾਬਾ ਰੱਬਾਣੇ,*
*'ਲਾਇ ਹਥੌੜਾ ਸਾਨੂੰ? ਪਰ ਤੱਕ*
*-ਸੱਟ ਪਏ 'ਰਬ-ਘਰ' ਨੂੰ*
*'ਘਟ ਘਟ ਦੇ ਵਿਚ ਵਸਦਾ ਜਿਹੜਾ :-*
*ਤੂੰ ਕਿਨੂ ਰੱਬ ਸਿਵਾਣੇ?,*

(ਸਫ਼ਾ ੪੯)

ਅੱਜ ਥੀਂ ਬਾਦ ਇਉਂ ਜਾਪਦਾ ਹੈ ਕਿ ਸਮਾਂ ਜਰਵਾਣਿਆਂ ਦੇ ਹੱਥ ਕਵੀ ਦੀ ਕੋਮਲ ਸੁਰ ਦੀਆਂ ਚਮਕਦੀਆਂ ਤਾਰਾਂ ਨਾਲ ਬੰਨ੍ਹ ਦਿਆ ਕਰੇਗਾ-ਦੋਵੇਂ ਹਥੌੜਾ ਤੇ ਤਲਵਾਰ ਉਨ੍ਹਾਂ ਦੇ ਹੱਥਾਂ ਵਿਚੋਂ ਢਹਿ ਪਿਆ ਕਰਨਗੇ, ਕਿਸ ਪਿਛੇ ਇਹ ਕੁਝ? ਇਹ ਨਿੱਕੀ ਜੇਹੀ ਕਵਿਤਾ ਇਸ ਸੈਂਚੀ ਵਿਚ ਆਲਮਗੀਰ ਇਨਸਾਨੀ ਕਲਚਰ (ਪ੍ਰਬੁਧਤਾ) ਦੀ ਇਕ ਨਵੀਂ ਫੁੱਟੀ ਕਲੀ ਹੈ। ਇਹ ਦਇਆ ਪੈਦਾ ਕਰਨ ਦਾ ਨਵਾਂ ਜਾਦੂ ਹੈ ਤੇ ਦਇਆ ਹੀ ਕੇਵਲ ਇਨਸਾਨੀ ਧਰਮ ਹੈ। ਪਿਆਰ

ਦੀ ਅਨੰਤ ਬਿਹਬਲਤਾ, ਅਨੰਤ ਬੇਸਬਰੀ ਨੂੰ ਅਨੰਤ ਸ਼ਾਂਤੀ ਵਿਚ ਅੰਕਿਤ ਕਰ ਦੇਣਾ ਸਿੱਖੀ ਦੇ ਆਦਰਸ਼ ਦੀ ਅਮਲੀ ਕਰਾਮਾਤ ਹੈ।

Motif ਇਸ ਆਰਟਿਸਟ ਦੇ ਹੱਥ ਵਿਚ ਇਕ ਜੀਵਨ ਲਰਜ਼ਾ ਹੈ, ਜਿਹੜਾ ਪੱਥਰਾਂ ਨੂੰ ਜਿਵਾਲ ਦਿੰਦਾ ਹੈ, ਇਸ ਲਈ ਸ਼ਾਂਤਿ ਇਕ ਨਿਰੀ ਚੌਖਟ ਦਾ ਕੰਮ ਦਿੰਦੀ ਹੈ। ਸਿੱਖੀ ਵਿਚ ਮੁੱਲ ਪੈਂਦਾ ਹੈ ਤੜਪਦੀ ਤੀਬ੍ਰਤਾ ਦਾ, ਪਜਾਰ ਦੀ ਅਨੰਤ ਬੇਸਬਰੀ ਦਾ, ਜੀਵਨ ਦੀ ਅਨੰਤ ਚਾਲ ਤੇ ਗਰਮ ਧੜਕ ਦਾ। ਇਸ ਰੰਗ ਵਿਚ ਰਚੀਆਂ ਹੁਸਨ ਕੰਬਣੀਆਂ ਦੀਆਂ 'ਰਸ-ਰੰਗ-ਛੁਹ' ਨਾਮੇ ਕਈ ਨਜ਼ਮਾਂ ਹਨ ਤੇ ਸਿੱਖ ਸਪਿਰਟ ਦੇ ਜਜ਼ਬੇ ਅੱਖਰ-ਅੱਖਰ ਵਿਚ ਸਮਾਏ ਪਏ ਹਨ :-

"ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ
ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ

. . .                . . .                . . .

ਫਿਰ ਲੜ ਫੜਨੇ ਨੂੰ ਉਠ ਦੌੜੇ
ਪਰ ਲੜ ਓ 'ਬਿਜਲੀ ਲਹਿਰਾ'
ਉਡਦਾ ਜਾਂਦਾ ਪਰ ਉਹ ਆਪਣੀ
ਛੁਹ ਸਾਨੂੰ ਗਯਾ ਲਾਈ:-
ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂਆਂ ਵਿਚ ਲਿਸ਼ਕੇ,-

ਬਿਜਲੀ ਕੂੰਦ ਗਈ ਥਰਰਾਂਦੀ,
ਹੁਣ ਚਕਾਚੂੰਧ ਹੈ ਛਾਈ!"

(ਸਫਾ ੪੬)

ਇਸ ਸੰਚਯ ਦਾ ਇਕ ਹਿੱਸਾ 'ਕਸ਼ਮੀਰ ਨਜ਼ਾਰੇ' ਇਕ ਮੋਤੀਆਂ ਦੀ ਮਾਲਾ ਹੈ, ਜਿਹੜੀ ਕਰਤਾ ਜੀ ਨੇ ਕੁਦਰਤ ਦੇਵੀ ਦੇ ਗਲੇ, ਅਨੇਕ ਪਾਣੀਆ ਤੇ ਛਾਯਾਂ ਛਾਵਾਂ ਪ੍ਰਛਾਵਿਆ ਚਸ਼ਮਿਆਂ ਵਿਚ ਧੋ ਧੋ ਕੇ ਤੇ ਨਦੀਆਂ ਵਿਚ ਪ੍ਰੋ ਪ੍ਰੋ ਕੇ ਪਾਈ ਹੈ। ਇਸ ਮਾਲਾ ਵਿਚ 'ਨਵੇਂ-ਕਸ਼ਮੀਰ' ਦੇ ਸਮੁੰਦਰ ਦੇ ਮੋਤੀ ਹਨ :-

ਮੈਂ ਰੁੰਨੀ; ਮੈਂ ਰੁੰਨੀ ਵੇ ਲੋਕਾ!
ਮੀਂਹ ਜਿਉਂ ਛਹਿਬਰ ਲਾਏ;
ਟੁਰੀ ਵਿਦਸਥਾਂ ਡਲ ਭਰ ਆਏ
ਤੇ ਵੁੱਲਰ ਉਮਡ ਉਮਡਾਏ:-
ਆਪਾ ਹੇਠ ਵਿਛਾਕੇ ਸਹੀਓ!
ਅਸਾਂ ਨਵਾਂ ਕਸ਼ਮੀਰ ਬਣਾਇਆ,
ਗਾਓ ਸੁਹਾਗ ਨੀ ਸਹੀਓ! ਸੁਹਣਾ,
ਕਦੇ ਸਰ ਕਰਨ ਚਲ ਆਏ॥

(ਸਫਾ ੭੮)

ਇਸ 'ਭਾਵ-ਛਹਿਬਰ' ਦੇ ਅੱਥਰੂ ਮੋਤੀ ਹਨ, ਇਹ ਕ੍ਰਿਸ਼ਨ ਰੰਗਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਡਿੱਗੇ ਹਨ ਤੇ ਓਥੋਂ ਮੁੜ ਰੰਗਾ ਨੇ ਆਪਣੀ ਯਾਦ ਨਾਲ ਵਿਚ ਪ੍ਰੋ ਕੇ ਭੇਟ ਕੀਤੇ ਹਨ। ਇਨ੍ਹਾਂ ਅੱਥਰੂਆਂ ਨਾਲ "ਚਸ਼ਮਾ ਮਟਨ ਸਾਹਿਬ

ਤੇ ਇਕ ਨਵੀਂ "ਅੱਥਰੂ-ਧਰਮਸਾਲ" ਰਚੀ ਗਈ ਹੈ। ਬਗ਼ਦਾਦ ਨੇ ਸਾਹਿਬ ਗੁਰੂ ਨਾਨਕ ਜੀ ਦੀ ਸੁਹਣੀ ਛੁਹ ਵਾਲੀ ਸਿਲਾ ਅੱਜ ਤੱਕ ਸਾਂਭ ਰੱਖੀ ਹੈ ਤੇ ਕਸ਼ਮੀਰ ਨੇ ਮਟਨ ਸਾਹਿਬ ਦਾ ਥੜ੍ਹਾ ਤੇ ਬੰਗਲੇ ਗੁੰਮ ਕਰ ਦਿੱਤੇ ਹਨ :-

*'ਨਾਨਕ-ਛੁਹ' ਦਾ ਸੰਗ ਅਜੇ ਤਕ*
*ਬਗ਼ਦਾਦ ਸਾਂਭ ਕੇ ਰਖਿਆ,*
*'ਨਾਨਕ-ਛੁਹ' ਦਾ ਥੜ੍ਹਾ ਬੰਗਲਾ*
*ਕਸ਼ਮੀਰ ਨੇ ਭੰਨ ਗਵਾਇਆ!*

(ਸਫਾ ੬੯)

"*ਭਾਗਭਰੀ ਦੇ ਦਰਸ਼ਨ*" ਵਿਚ ਓਹੋ ਨਾਮ ਕਣੀ ਚਮਕ ਰਹੀ ਹੈ:-

*"ਉਸ 'ਅਨੰਤ ਕਿਣਕੇ' ਦੀ ਚਹਿਯੇ*
*ਅਜ ਕੁਛ ਵੰਡ ਵੰਡਈਆਂ।"*

(ਸਫਾ ੫੨)

ਆਪ ਦੀ ਅੱਖ ਵਿਚ ਪੰਘਰੀ ਚਾਂਦੀ ਦੇ ਕਸ਼ਮੀਰ ਦੇ ਚਸ਼ਮੇ ਇਉਂ ਕਲੋਲ ਕਰ ਰਹੇ ਹਨ, ਜਿਉਂ ਬਾਲ ਮਾਂ ਦੀ ਗੋਦ ਵਿਚ-

"ਚਸ਼ਮੇ ਨੂੰ ਜਿਉਂ 'ਛੋਹ ਗੈਬ' ਦੀ
ਮਿਲੀ ਪਿਆ ਨਿਤ ਖੇਡੇ,
'ਛੁਹ ਅਪਣੀਂ' ਦੀ ਗੋਦ ਖਿਡਾ ਤਿਉਂ-
ਮਾਂ ਨੂੰ ਏ ਕੁਛ ਫਬਦਾ।" (ਸਫਾ ੩੨)

ਠੰਢੀਆਂ ਛਾਵਾਂ 'ਨਸੀਮ' ਦੀਆਂ ਆਪ ਲਈ ਸਰਬੱਤੀ ਪਿਆਰ ਦੇ ਚਿੰਨ੍ਹ ਹਨ।

*ਮਾਂ ਨੂੰ ਅਪਣਾ ਬਾਲ ਪਿਆਰਾ*
*ਤੈਨੂੰ ਸਭ ਕੋਈ ਪਜਾਰਾ*
*ਜੋ ਆਵੇ ਉਸ ਲਾਡ ਲਡਾਵੇ*
*ਠਾਰੇਂ ਜਿੰਦੀਆਂ ਲੁਠੀਆਂ॥*

(ਸਫਾ ੫੫)

ਆਪ ਦੀ 'ਵੂੱਲਰ' ਉੱਪਰ ਕਵਿਤਾ-'ਸੁੰਦਰਤਾ ਤਰ ਰਹੀ ਤੈਂ ਉਤੇ ਖੁਲ੍ਹ ਉਡਾਰੀਆਂ ਲੈਂਦੀ' ਤੇ 'ਨਿਰਜਨ ਫਬਨ ਕੁਆਰੀ ਰੰਗਤ' ਨੇ 'ਰਸ ਅਨੰਤ ਦਾ ਵਰਿਆ', ਅਕਹਿ ਨੂੰ ਕਹਿਣਾ ਹੈ। ਇਹ 'ਵੂੱਲਰ' ਇਕ ਨੱਚਦੀ ਪਰੀ ਵਾਂਗ ਅੱਧ ਅਸਮਾਨਾਂ ਵਿਚ ਉਡ ਰਹੀ ਹੈ, ਝੀਲ ਕੀਹ ਹੈ? ਆਜ਼ਾਦੀ ਮੁਜੱਸਮ ਹੈ।

... ... ... ...

'<u>ਸ਼ਾਲਾਮਾਰ</u>' ਵਿਚ ਚਨਾਰ 'ਜੋਗੀ ਖੜੇ' ਹਨ ਤੇ ਨੀਰ ਦੇ ਵਗਣ ਵਿਚ ਆਪ ਨੂੰ ਇਕ ਚੈਤਨਜ ਪ੍ਰਭਾਵ ਮੋਂਹਦਾ ਹੈ ਤੇ ਆਦਮੀ ਦੇ ਹੰਭਲਾ ਮਾਰ ਉੱਪਰ ਨੂੰ ਜਾਣ ਦੀ ਚਾਹ ਤੇ ਨੀਵਾਣਾਂ ਦੀ ਖਿੱਚ ਦਾ ਓਨੂੰ ਗਿਰਾਣਾ ਇਹ ਆਦਮੀ ਦੀ ਗਿਰਨ ਚੜ੍ਹਨ ਦੀ ਕੋਸ਼ਸ਼ ਦਾ ਨਕਸ਼ਾ ਦਿੱਸਦਾ ਹੈ :-

*ਲਾਵੇ ਡਾਢਾ ਜ਼ੋਰ ਪਹਿਲ ਉਚਾਣ ਨੂੰ*
*ਪਹੁੰਚਾਂ, ਮਾਰ ਉਛਾਲ, ਪਰ ਖਿਚ ਰੋਕਦੀ*

ਓਹਾ ਜਾਦਾ 'ਖਿੱਚ' ਫਿਰ ਲੈ ਡੇਗਦੀ-
ਓਛਲ ਗਿਰਨ ਦਾ ਨਾਚ ਹੈ ਵੇ ਹੋ ਰਿਹਾ।

(ਸਫਾ ੬੦)

ਬਿਰਛਾ ਵਿਚ 'ਸੁਹਣੀ ਸ਼ੈ' ਦੀ ਛੁਹ ਦੇ ਕਦੀ ਆਏ ਸੁਆਦ ਦੀ ਸਿਮਰਤੀ ਕਿੰਨੀ ਤੀਬਰ ਹੈ :-

'ਪਜਾਰ ਲੈਣ ਨੂੰ ਜੀ ਕਰ ਆਵੇ
ਉਛਾਲ ਕਲੇਜਾ ਖਾਏ-
'ਪਰ ਓਹ ਪਜਾਰ ਸੁਆਦ ਨ ਵਸਦਾ'

(ਸਫ਼ਾ ੬੩)

'ਕੁੱਕੜ ਨਾਗ' ਆਪ ਨੂੰ ਲਟਬਉਰਾ ਗੀਟਿਆਂ ਨਾਲ ਖੇਡਦੇ ਬਾਲਕ ਵਾਂਗ ਲੱਗਾ ਹੈ ਤੇ ਆਪਦੀ ਛਾਤੀ ਵਿਚ ਵਾਤਸਲ ਪਿਆਰ ਦਾ ਉਛਾਲਾ ਆਯਾ ਹੈ :-

'ਲਟਬਉਰਾ ਪਰਬਤ ਦੇ ਕੁੱਖੋਂ
ਤੂੰ ਖੇਡੰਦੜਾ ਆਇਆ'। (ਸਫਾ ੬੪)

ਵੈਰੀ ਨਾਗ ਦੇ 'ਫੀਰੋਜ਼ੀ ਰੰਗ' ਦੇ ਮੋਤੀਆਂ ਵਾਲੀ ਡੁਲ੍ਹਕ ਦੀ ਮਿਲਵੀਂ ਚਮਕ ਸੁੱਚੇ ਨਗ ਦੀ ਆਬ ਹੋ ਨਿੱਬੜੀ ਹੈ, ਵੈਰੀ ਨਾਗ ਮਾਨੋਂ ਕੁਦਰਤ ਦਾ ਨਗੀਨਾ ਹੈ।

'ਵਿਦਸਥਾਂ' ਦਾ ਸੋਮਾਂ ਆਪ ਨੂੰ ਬਾਲਪਨੇ ਦਾ ਅਯਾਣਾਪਨ ਯਾਦ ਕਰਾਉਂਦਾ ਹੈ ਤੇ ਆਪ ਕਹਿੰਦੇ ਹਨ :-

"ਮੋਹ ਲਜਾ ਤੇਰੀ ਨਿਮਰਤ ਨੇ
ਤੇਰਿ ਮਾਉਂ ਵੇਖ ਜੀ ਠਰਿਆ।"

(ਸਫਾ ੬੭)

ਇਨ੍ਹਾਂ ਕਸ਼ਮੀਰ ਨਜ਼ਾਰਿਆਂ ਵਿਚ ਇਕ ਪਾਸੇ ਆਪ ਨੂੰ ਹੋ ਚੁਕੀ ਹਿੰਦੁਸਤਾਨ ਦੀ ਮਹਾਂਰਾਣੀ ਨੂਰ ਜਹਾਂ ਯਾਦ ਆਉਂਦੀ ਹੈ ਤੇ ਉਹਦੇ ਵਿਛੋੜੇ ਦਾ ਸੂਖਮ ਦਰਦ ਆਪ ਨੂੰ ਨਿਸ਼ਾਂਤ ਬਾਗ ਦੇ ਖੇੜੇ ਵਿਚ ਇਕ ਸਹਿਮ ਰੂਪ ਵਿਚ ਦਿੱਸਦਾ ਹੈ। ਬਾਗ ਕਹਿੰਦਾ ਹੈ ਕਿ ਹੋਰ ਸਭ ਕੋਈ ਮੇਰੇ ਥੀਂ ਖੁਸ਼ੀ ਲੈਣ ਆਉਂਦਾ ਹੈ, ਪਰ ਉਹ ਸੁੰਦਰੀ ਆਪਣੇ 'ਹੁਸਨ ਅਹਿਸਾਸ' ਦੇ ਸਰੂਰ ਵਿਚ, ਆਪਣੇ ਮਦ ਭਰੇ ਨੈਣਾਂ ਦੇ ਕਟਾਖਜ ਨਾਲ ਬਾਗ ਨੂੰ ਇਕ ਖੁਸ਼ੀ ਦੀ ਛੁਹ ਇਕ ਸੁਖ ਭਰੀ ਰਸ ਦੀ ਦਾਤ ਦੇਂਦੀ ਹੁੰਦੀ ਸੀ ਜੋ ਹੁਣ ਨਹੀਂ ਮਿਲ ਰਹੀ, ਤੇ ਦੂਜੇ ਪਾਸੇ ਨਿਮਾਣੀ 'ਰੱਬ ਰੰਗ ਰੱਤੀ' ਫਕੀਰ ਲੱਲੀ ਨੂੰ ਆਪ ਯਾਦ ਕਰਦੇ ਹਨ-ਲੱਲੀ ਦੀ ਜੀਵਨ ਕਹਾਣੀ ਸਾਰੀ ਦੀ ਸਾਰੀ ਇਕ (Mystic Romance) ਰੋਮਾਂਚ ਕਰਨ ਵਾਲੀ ਫਕੀਰ ਕਥਾ ਹੈ-

ਪਹੁੰਚੇ ਹੋਏ ਫਕੀਰ ਇਕ ਗਰੀਬ ਕਸ਼ਮੀਰੀ ਪੰਡਤ ਦੀ ਲੜਕੀ ਲੱਲੀ 'ਸਾਈਂ-ਪਿਆਰ' ਵਿਚ ਰੱਤੀ ਹੋਈ ਸੀ। ਲੱਲੀ ਜਦ ਵਿਆਹੀ ਗਈ ਉਹਦੀ ਸੱਸ ਉਸ ਨੂੰ ਬੜਾ ਤੰਗ ਕਰਦੀ ਹੁੰਦੀ ਸੀ। ਪੇਕੇ ਗਰੀਬ ਹੋਣ ਕਰਕੇ ਇਹ ਨਫਰਤ ਸੱਸ ਦੀ

ਲੱਲੀ ਦੇ ਮਾ ਬਾਪ ਦੇ ਤ੍ਰਿਸਕਾਰ ਤਕ ਪਹੁੰਚ ਚੁਕੀ ਸੀ। ਕਹਿੰਦੇ ਹਨ ਇਕ ਦਿਨ ਲੱਲੀ ਦੀ ਮਾਂ ਨੇ ਇਕ ਦੇਗਚੀ ਭਰੀ ਖੀਰ ਦੀ ਲੱਲੀ ਦੇ ਸਾਹੁਰੇ ਘਰ ਘੱਲੀ। ਲੱਲੀ ਨੇ ਸੱਸ ਨੂੰ ਕਿਹਾ :-"ਮੇਰੀ ਮਾਂ ਨੇ ਖੀਰ ਘੱਲੀ ਹੈ"। ਖੀਰ ਮਿਕਦਾਰ ਵਿਚ ਸੱਸ ਨੂੰ ਥੋੜੀ ਦਿੱਸੀ, ਹਕਾਰਤ ਨਾਲ ਲੱਲੀ ਨੂੰ ਕਿਹਾ:- "ਜਾਹ ਵੰਡ ਦੇਹ ਸਾਰਾ ਆਂਢ ਗੁਆਂਢ ਖਾਏ। ਲੱਲੀ ਨੇ ਸਾਕਾਂ ਦੇ ਘਰ ਘੱਲੀ, ਆਂਢ ਗੁਆਂਢ ਨੂੰ ਬੁਲਾਯਾ ਤੇ ਖੀਰ ਵਰਤਾਈ, ਸਭ ਨੇ ਖਾਧੀ, ਪਰ ਲੱਲੀ ਦੀ ਖੀਰ ਨਾ ਮੁੱਕੀ। ਲੋਕੀ ਹੈਰਾਨ ਸਨ, ਪਰ ਲੱਲੀ ਦੀ ਸੱਸ ਸੜ ਉੱਠੀ, ਨਾ ਤੱਕਿਆ, ਨਾ ਪੜਤਾਲਿਆ ਤੇ ਜਦ ਲੱਲੀ ਆਖਿਆ:-'ਆਂਢ ਗੁਆਂਢ ਬੀ ਖਾ ਗਏ ਹਨ, ਮਾਏ! ਖੀਰ ਬਚ ਰਹੀ ਹੈ,' ਸੱਸ ਨੇ ਕਿਹਾ-'ਜਾਹ ਦਰਯਾ ਵਿਚ ਬਾਕੀ ਸੁੱਟ ਦੇਹ।' ਲੱਲੀ ਨੇ ਦਰਯਾ ਵਿਚ ਦੇਗਚਾ ਅਡੋਲ ਧਰ ਦਿਤਾ। ਇਹ ਦੇਗਚਾ ਤਰਦਾ ਤਰਦਾ ਉੱਥੇ ਜਾ ਠਹਿਰਿਆ ਜਿਥੇ ਨਦੀ ਕਿਨਾਰੇ ਲੱਲੀ ਦੇ ਪਿਤਾ ਜੀ ਬੈਠੇ ਬੰਦਗੀ ਕਰ ਰਹੇ ਸੇ। ਦੇਗਚਾ ਦੇਖਕੇ ਪਛਾਣਿਆ, ਸੋਚਿਆ ਤੇ ਘਰ ਆਕੇ ਪਤਾ ਕੀਤਾ ਤਾਂ ਉਸ ਗਰੀਬ ਪਿਉ ਨੂੰ ਪਤਾ ਲੱਗਾ, ਓਸ ਗੁੱਸਾ ਖਾਧਾ ਤੇ ਲੱਲੀ ਰੱਬ ਰਸੀਦਾ ਤਾਂ ਸੀ ਹੀ, ਬਾਪ ਨੇ ਮਿਹਰ ਵਿਚ ਆਕੇ ਹੋਰ ਰੰਗਣ ਚਾੜ੍ਹੀ, ਲੱਲੀ ਨੀਮ ਪਾਗਲ ਕਸ਼ਮੀਰ ਦੀਆਂ ਗਲੀਆਂ ਵਿਚ ਨੰਗੀ ਵਿਚਰਨ ਲੱਗੀ। ਇਕ ਦਿਨ ਕਹਿੰਦੇ ਹਨ ਕਿ ਲੱਲੀ ਇਕ ਤੰਦੂਰ ਤੇ ਗਈ ਤੇ ਕਿਹਾ:-"ਮੈਨੂੰ ਕੱਜਣ ਦਿਓ!" ਨਾਨਬਾਈ

ਨੇ ਕਿਹਾ-''ਲੱਲੀਏ ਤੈਨੂੰ ਕੀਹ ਕੱਜਣ ਦੀ ਲੋੜ? ਪਰ ਲੱਲੀ ਨੇ ਕਹਿੰਦੇ ਹਨ, ਫਿਰ ਉਸੇ ਦਿਨ ਬਸਤ੍ਰ ਪਹਿਨ ਲਏ। ਲੱਲੀ ਨਾਮੇ ਕਵਿਤਾ ਵਿਚ ਇਸ ਫਕੀਰੀ ਭੇਤ ਉੱਪਰ ਇਕ ਆਪ ਦਾ ਕਟਾਖਜ ਹੈ। ਲੱਲੀ ਆਪਣੇ ਭਰ ਆਏ ਅੰਦਰਲੇ ਹੁਸਨ ਨੂੰ ਹੁਣ ਨਾ-ਮਹਿਰਮਾਂ ਥੀਂ ਛੁਪਾਂਦੀ ਹੈ। ਸਿੱਖੀ ਦੇ ਆਦਰਸ਼ ਵਾਲੀ ਹੋਸ਼ ਫਕੀਰੀ ਵਿਚ ਆਂਦੀ ਹੈ। ਅੰਦਰਲੇ ਹੁਸਨ ਨੂੰ ਜਰਦੀ ਤੇ ਕੱਜਦੀ ਹੈ; ਭਰੀ ਸੁੰਦਰਤਾ ਦੇ ਮਟਕ ਹੁਲਾਰੇ ਆਪਣੇ ਪ੍ਰੀਤਮ ਲਈ 'ਗੈਰ ਅੱਖ' ਤੋਂ ਲੁਕਾਉਂਦੀ ਤੇ ਕੇਵਲ ਉਸੇ ਲਈ ਪੇਸ਼ਕਸ਼ ਬਣਾਂਦੀ ਹੈ।

'ਨੂਰ ਜਹਾਂ' ਤੇ 'ਲੱਲੀ' ਦੇ ਨਾਲ ਹੀ 'ਲਾਲਾ ਰੁਖ ਤੇ ਫਰਾਮੁਰਜ਼' ਮੁੜ ਕਸ਼ਮੀਰ ਵਿਚ ਆਪ ਨੂੰ ਦਿੱਸੇ ਹਨ। 'ਸਰ ਟਾਮਸ ਮੂਰ' ਦੇ ਬਾਦ ਇਨ੍ਹਾਂ ਨੇ ਅੱਜ ਮੁੜ ਇਸ ਜੋੜੇ ਦੇ ਪਿਆਰ ਨੂੰ ਯਾਦ ਕੀਤਾ ਹੈ। ਬੁਖ਼ਾਰੇ ਦੇ ਸ਼ਾਹਜ਼ਾਦੇ ਦਾ ਹਿੰਦ ਦੀ ਸ਼ਾਹਜ਼ਾਦੀ ਲਾਲਾ ਰੁਖ ਨਾਲ ਵਿਆਹ ਸੀ, ਜੋ ਕਸ਼ਮੀਰ ਵਿਚ ਹੋਣਾ ਸੀ। ਸ਼ਾਹਜ਼ਾਦਾ ਲਾਲਾ ਰੁਖ ਦਾ ਆਸ਼ਿਕ ਸੀ ਤੇ ਕਸ਼ਮੀਰ ਦਾ ਪ੍ਰੇਮੀ ਸੀ, ਪਰ ਚਾਹੁੰਦਾ ਸੀ ਕਿ ਕਿਵੇਂ ਸ਼ਾਹਜ਼ਾਦੀ ਮੇਰੇ ਪਜਾਰ ਵਿਚ ਰੰਗ-ਰੱਤੜੀ ਹੋ ਜਾਵੇ ਤਾਂ ਵਿਆਹ ਹੋਵੇ। ਸੋ ਸ਼ਾਹਜ਼ਾਦੀ ਦੇ ਕਸ਼ਮੀਰ ਸਫਰ ਵਿਚ ਜੋ ਨੌਕਰ ਚਾਕਰ ਨਾਲ ਸਨ, ਉਨ੍ਹਾਂ ਵਿਚ ਸ਼ਾਹਜ਼ਾਦੇ ਵਲੋਂ ਇਕ ਗਵੱਯਾ ਸੀ, ਜਿਸ ਦਾ ਨਾਮ ਫਰਾਮੁਰਜ਼ ਸੀ। ਇਸ ਦੇ ਰਾਗ, ਕਾਵਿ ਕਟਾਖਜ, ਉੱਚੀ ਸੁੰਦਰਤਾ ਤੇ ਗੁਣਾਂ ਕਰਕੇ

ਸ਼ਾਹਜ਼ਾਦੀ ਨੂੰ ਇਸ ਨਾਲ ਡੂੰਘਾ ਵਲਵਲੇ ਵਾਲਾ ਅੰਦਰਲਾ ਪਿਆਰ ਪੈ ਗਿਆ, ਪਰ ਨਾਲ ਦੁਚਿਤਾਈ ਹੋ ਗਈ। ਕਸ਼ਮੀਰ ਅੱਪੜਕੇ ਵਿਆਹ ਦੇ ਦਰਬਾਰ ਵਿਚ ਸ਼ਾਹਜ਼ਾਦੀ ਨੂੰ ਅਚਰਜਤਾ ਨਾਲ ਪਤਾ ਲਗਾ ਕਿ ਮੇਰਾ ਮਨ ਹਰ ਲੈਣ ਵਾਲਾ 'ਫਰਾਮੁਰਜ਼' ਹੀ ਮੇਰਾ ਸ਼ਾਹਜ਼ਾਦਾ ਪਤੀ ਪ੍ਰੀਤਮ ਹੈ। ਕਵਿ 'ਮੂਰ' ਨੇ ਤਾਂ ਵਿਆਹ ਪਰ ਹੀ ਆਪਣਾ ਅਨੁਪਮ ਕਾਵ੍ਯ ਖਤਮ ਕੀਤਾ ਹੈ। ਇਥੇ ਲਾਲਾਰੁਖ ਦੀ ਸੁੰਦਰਤਾ ਤੇ ਓਸ ਉਪਰ ਸ਼ੈਦਾ ਹੋਯਾ ਪਰਵਾਨਾ ਫਰਾਮੁਰਜ਼, ਬੁਖਾਰੇ ਦਾ ਸ਼ਾਹਜ਼ਾਦਾ, ਵਿਆਹ ਦੀ ਪਹਿਲੀ ਰਾਤ ਦੀ ਸੁਖ ਨੀਂਦਰ ਵਿਚ ਇਕ ਸੁਫਨਾ ਦੇਖਦਾ ਹੈ, ਜਿਸ ਵਿਚ ਜੰਨਤ ਦੇਖਦਾ ਹੈ ਤੇ ਉਸ ਨੂੰ ਕੁਛ ਭ੍ਰਾਂਵਲਾ ਪੈਂਦਾ ਹੈ ਕਿ ਮੇਰੀ ਮੌਤ ਨੇੜੇ ਆ ਰਹੀ ਹੈ। ਇਸ ਸੁਫਨੇ ਬਾਦ ਉਹ ਰੱਬ ਦੀ ਦਰਗਾਹ ਵਿਚ ਇਕ ਆਰਜ਼ੂ ਮਾਨੋਂ ਵਿਲਕ ਕੇ ਕਰਦਾ ਹੈ, ਜਿਹੜੀ ਕਟਾਰ ਵਾਂਗ ਆਪਣੀ ਤੀਬ੍ਰਤਾ ਵਿਚ ਦਮਕਦੀ ਹੈ, ਸੁਫਨੇ ਦੇ ਹਨੇਰੇ ਵਿਚ ਫਰਾਮੁਜ਼ ਦੇ ਗੋਰੇ ਹੱਥ ਜਦ ਦੁਆ ਨੂੰ ਉਠਦੇ ਹਨ, ਇੰਜ ਜਾਪਦਾ ਹੈ ਜਿਵੇਂ ਦੋ ਕਮਲ ਆ ਜੁੜੇ ਹਨ ਤੇ ਹੱਥਾਂ ਦੀ ਰੋਸ਼ਨੀ ਤੇ ਦੁਆ ਦੇ ਚਮਕਦੇ ਲਫਜ਼ ਦਿਲ ਤੇ ਬਿਜਲੀ ਦਾ ਅਸਰ ਪਾਂਦੇ ਹਨ।

ਲਾਲਾ ਰੁਖ ਤੇ ਫਰਾਮੁਰਜ਼ ਜਿਹਾਂ ਦੇ ਪਿਆਰ ਕਰਤਾ ਜੀ ਨੇ ਇਕ ਕਵਿਤਾ* ਵਿਚ ਦਰਸਾਯਾ ਹੈ-

---

* ਵੇਖੋ ਬਿਜਲੀਆਂ ਦੇ ਹਾਰ।

'ਤੜਪ ਗੋਪੀਆਂ' ਕ੍ਰਿਸ਼ਨ ਮਗਰ ਜੋ
ਲੋਕੀ ਪਏ ਸੁਣਾਵਨ,
'ਲੁੱਛਣ-ਸੱਸੀ' 'ਪੁੰਨੂੰ' ਪਿੱਛੇ
ਜੋ ਥਲ ਤੜਫ ਦਿਖਾਵਨ,
'ਰਾਂਝੇ ਮਗਰ ਹੀਰ ਦੀ ਘਾਬਰ,'
ਮਜਨੂੰ ਦਾ ਸੁਕ ਜਾਣਾ,
ਏ ਨਹੀਂ 'ਮੋਹ ਨਜ਼ਾਰੇ' ਦਿਸਦੇ
ਇਹ ਕੁਈ ਰਮਜ਼ ਛਿਪਾਵਨ।

ਹੇ ਅਰੂਪ! ਇਹ ਤੜਪ ਉਹੋ ਨਹੀਂ
ਧੁਰੋਂ ਤੁਸਾਂ ਜੋ ਲਾਈ?
ਕੀ ਇਹ ਚਿਣਗ ਨਹੀਂ ਉਹ ਜਿਹੜੀ
ਤੁਸਾਂ ਸੀਨਿਆਂ ਪਾਈ?
ਮਿਲਣ ਤੁਸਾਂਨੂੰ ਦੀ ਏ ਲੋਚਾ-
ਏ ਹੈ ਤੜਫ ਤੁਸਾਡੀ,
ਜਿੱਥੇ ਰਮਜ਼ ਪਵੇ ਕੁਈ ਕਟਕੀ
ਏ ਕਮਲੀ ਹੋ ਜਾਈ।

## ੫.

ਦੋ ਹਰਫ 'ਵਿੱਛੁੜੀ ਕੂੰਜ' ਤੇ 'ਵਿੱਛੁੜੀ ਰੂਹ' ਲਈ ਇਥੇ ਪਾਉਣੇ ਬੇਜ਼ਰੂਰੀ ਨਹੀਂ ਹੋਣਗੇ।

ਵਿੱਛੁੜੀ ਕੂੰਜ ਇਕ ਸੁਪਨੇ ਵਿਚ ਸੁਣੇ ਗੀਤ ਦੀਆ ਯਾਦ ਰਹਿ ਗਈਆਂ ਦੋ ਸਤਰਾਂ ਹਨ। ਸੁਫਨਾਂ ਇੰਨਾਂ ਹੀ ਸੀ ਕਿ ਇਕ ਹੰਸ 'ਮਨਮੋਹਿਣ ਮੋਹਣੀਆਂ' ਦੇ ਵਿਚ ਫੜਿਆ ਇਕ ਸੁਹਣੇ ਤਬਕ ਵਿਚ ਦਿੱਸ ਆਯਾ ਸੀ, ਹੰਸ ਦੇ ਮੂੰਹ ਇਕ ਗੀਤ ਸੀ, ਜਿਸ ਦੀਆਂ ਕਵੀ ਜੀ ਨੂੰ ਦੋ ਯਾਦ ਰਹਿ ਗਈਆਂ ਸਤਰਾਂ ਇਹ ਬੱਸ ਹਨ-

*"ਮਿੱਠੇ ਤਾਂ ਲਗਦੇ ਮੈਨੂੰ*
*ਫੁੱਲਾਂ ਦੇ ਹੁਲਾਰੇ,*
*ਜਾਨ ਮੇਰੀ ਪਰ ਕੁੱਸਦੀ।"*

ਪੰਜਾਬੀ ਦੇ ਸਿੱਧੇ ਸਾਦੇ ਨਿੱਕੇ ਜਿਹੇ ਹਰਫਾਂ ਵਿਚ ਇਕ ਅਨੰਤ ਜਿਹਾ ਮਿਲਵਾਂ ਹੁਸਨ, 'ਖੁਸ਼ੀ ਤੇ ਯਾਦ' ਦਾ ਭਰਿਆ, ਏਹੋ ਹਰਫ਼ ਬਸ ਖਿੜਕੀਆਂ ਹਨ, ਜਿਨ੍ਹਾਂ ਦੇ ਪਿਛੇ ਅਰਸ਼ੀ ਤੇ ਰੂਹਾਨੀ ਵਲੈਤਾਂ ਦਾ ਝਾਂਵਲਾ ਪੈਂਦਾ ਹੈ ਤੇ ਇਉਂ ਜਾਪਦਾ ਹੈ ਕਿ ਪਿਆਰ ਆਪਣੇ ਅਸਲੇ ਦੀ ਤਾਂਘ ਤੇ ਯਾਦ ਹੈ। ਸੱਚੇ ਵਤਨ ਤੇ ਹਮਵਤਨੀਆਂ ਦੀ ਤਾਂਘ ਮੁੱਕਦੀ ਨਹੀਂ, ਤੇ ਖੁਸ਼ੀਆਂ ਵਿਚ ਬੀ ਉਹ ਯਾਦ-ਦਰਦ ਭੁੱਲਦਾ ਨਹੀਂ, ਇਨ੍ਹਾਂ ਦੋ ਸਤਰਾਂ ਵਿਚ ਝਲਕਦਾ ਭਾਵ

(Suggestiveness) ਅਮੁੱਕ ਹੈ, ਅਨੰਤ ਵਿਸ਼ਾਲਤਾ (Space) ਇਸ ਵਿਚ ਦਿੱਸ ਰਹੀ ਹੈ।

"ਵਿੱਛੁੜੀ ਰੂਹ" ਇਸੇ ਤਰ੍ਹਾਂ ਦੇ ਇਕ ਹੋਰ ਸੁਪਨੇ ਵਿਚ ਸੁੱਚੀ ਕਵਿਤਾ ਦੀ ਯਾਦ ਰਹਿ ਗਈ ਬਾਕੀ ਹੈ, ਇਨ੍ਹਾਂ ਦੋਹਾਂ ਸਤਰਾਂ ਵਿਚ ਇਕ ਪ੍ਰਭੁਤਾ-ਜੋਤੀ ਫ਼ਰਿਸ਼ਤਾ-ਮੂਰਤੀ ਕੋਈ ਸੁੰਦਰੀ ਅਜੀਬ ਵੈਰਾਗਜ ਤੇ ਪਿਆਰ ਦੀ ਤੀਖਣ ਤੀਬ੍ਰਤਾ ਵਿਚ ਆਪਣੇ ਪ੍ਰੀਤਮ ਦੀ 'ਪਿਆਰ-ਦ੍ਰਵਤਾ' ਨੂੰ ਯਾਦ ਕਰ ਰਹੀ ਹੈ, ਕਹਿੰਦੀ ਹੈ ਮਾਲਾ (ਮੋਤੀਆਂ ਦੀ) ਹੇ ਪਿਆਰੇ ਤੇਰੇ ਗਲ ਵਿਚ ਹੈ ਤੇ ਮੋਤੀਆਂ ਵਿਚ ਆਬ (ਪਾਣੀ) ਹੈ।

*ਪਰ ਮੈਂ ਬਿਨ ਪਾਣੀ ਕੁਮਲਾ ਰਹੀ ਹਾਂ।*
*ਵੇ ਮਾਹੀਆ! ਗਲੇ ਤੇਰੇ ਗਾਨੀਆਂ।*

(ਓਹ ਮੇਰੇ ਲਈ ਤੇਰੇ ਅੱਖਾਂ ਦੇ ਪਿਆਰ ਅੱਥਰੂ ਹੁਣ ਮੋਤੀ ਬਣ ਮਾਲਾ ਬਣ ਗਏ ਹਨ), ਰੋਵਾਂ ਪਾਣੀ ਨੂੰ (ਪਾਣੀ ਮੋਤੀਅ ਦਾ ਹੈ ਪਰ ਮੇਰੇ ਕਿਸ ਕੰਮ), (ਬਿਨਾ ਤੇਰੇ ਪਿਆਰ ਦੇ) ਕੁਮਲਾਨੀ ਜਾਨੀਆਂ।

'ਵਿੱਛੁੜੀ ਕੂੰਜ' ਵਿਚ ਰੂਹਾਨੀ ਵਲੈਤਾਂ ਦਾ ਝਾਂਵਲਾਂ ਤੇ ਉਨ੍ਹਾਂ ਵਤਨਾਂ ਦੀ ਪ੍ਰੀਤ ਤੇ ਵਿਛੋੜਾ ਤੇ ਮੰਦਾ ਲੱਗਣਾ (ਵੈਰਾਗ) ਤੇ ਦਰਦ ਅਨੰਤ ਸੰਖੇਪਤਾ ਵਿਚ ਭਰਿਆ ਪਿਆ ਹੈ। ਮੁੜ ਉਸੀ ਦਰਦ ਨੂੰ ਮਨਮੋਹਣੀ ਅਦਾ ਨਾਲ ਤਾਰ ਲਟਕੇ ਹੋਏ ਮੀਂਹ ਦੇ ਤੁਪਕੇ ਦੇ ਮੂੰਹ "ਕੋਈ ਹਰਿਆ ਬੂਟ ਰਹਿਓ ਰੀ" ਦੀ ਕਵਿਤਾ ਵਿਚ ਪਾਇਆ ਹੈ:-

"ਅਰਸ਼ਾਂ ਤੋਂ ਲੱਖਾਂ ਹੀ ਸਾਥੀ ਕੱਠੇ ਹੋ ਸਾਂ ਆਏ,
ਕਿਤ ਵਲ ਲੋਪ ਯਾਰ ਓ ਹੋਏ ਮੈਂ ਲਾ ਨੀਝ ਤਕੰਦਾ।"

(ਸਫਾ ੪੩)

ਅਰਸ਼ਾ ਤੇ ਰੂਹਾਨੀ ਵਲੈਤਾਂ ਦੀ ਐਸੀ ਸਪਸ਼ਟ ਲੱਖਣਤਾ ਦਿੰਦੇ ਹੋਏ ਆਪ ਅਯਾਣੀ ਸਾਦਗੀ ਨਾਲ 'ਫੁੱਲ ਤੇ ਯੋਗੀ' ਦੀ ਕਵਿਤਾ ਵਿਚ ਇਕ ਗੁਰਮੁਖ ਦੇ ਸਹਿਜ ਸੁਭਾ ਸੁਰਤਿ ਖੇੜੇ ਨੂੰ ਯੋਗ ਥੀਂ, ਹੱਥ ਆਈਆਂ ਸਿੱਧੀਆਂ ਥੀਂ, ਕੋਈ ਹੋਰ ਹੋਰ ਉੱਚੀ ਅਮੁੱਲਜ 'ਆਵੇਸ਼ੀ ਹਾਲਤ' ਦੱਸ ਜਾਂਦੇ ਹਨ, ਆਪ ਦਾ ਗੁਲਾਬ ਦਾ ਫੁੱਲ ਕਹਿੰਦਾ ਹੈ-

"ਤਨ ਮਨ ਮੇਰਾ ਖੇੜਾ,
"ਖਿੜਨ ਖਿੜਾਵਣ ਬਾਝੋਂ ਸਾਨੂੰ
ਹੋਰ ਸੁਰਤ ਨਹਿੰ ਕਾਈ।"

... ... ... ...

(ਸਫਾ ੪੪)

ਇਕ ਆਲੀਸ਼ਾਨ ਖਿਆਲ ਆਪ ਦਾ 'ਗੰਧਕ ਦਾ ਚਸ਼ਮਾ' ਵਿਚ ਜੁੜਿਆ ਪਿਆ ਹੈ। ਚਸ਼ਮੇ ਸਾਰੇ ਸਾਫ, ਸੁਗੰਧਿਤ, ਨਿਰਮਲ ਹੁੰਦੇ ਹਨ, ਹਾਏ! ਗੰਧਕ ਦਾ ਚਸ਼ਮਾ ਕਾਲਾ, ਭੈੜਾ, ਬੂਦਾਰ ਕਿਉਂ ਹੈ? ਇਹ ਕਿੰਵ ਧੁਰਾਂ ਥੀਂ ਕਿਉਂ ਰੂਪ ਵਟਾ ਆਇਆ? ਇਹ ਚਸ਼ਮਾ ਆਪ ਨੂੰ ਉਹ ਪਰਉਪਕਾਰੀ ਦਿੱਸਿਆ, ਜਿਹੜਾ

ਕਿ ਧੁਰ ਥੀਂ ਦੁਨੀਆਂ ਦੇ ਰੋਗੀਆਂ ਤੇ ਤਰਸ ਖਾ, ਆਪਾ ਵਾਰ ਕੇ, ਨਿਰਮਲਤਾ ਥੀਂ ਵਿਗੜਕੇ, ਦਾਰੂ ਰੂਪ ਬਣ ਕੇ, ਇਸ ਇਰਾਦੇ ਨਾਲ ਆਯਾ ਕਿ ਰੋਗੀਆਂ ਨੂੰ ਚੰਗਾ ਕਰੇ, ਆਪਾ ਮੈਲਾ ਕਾਲਾ ਕਰਕੇ ਵੀ ਖ਼ਲਕ ਨੂੰ ਸੁਖ ਦੇਵੇ :-

*"ਭੁਲਿਆਂ ਨੇ ਹਨ ਰੋਗ ਸਹੇੜੇ*
*ਮੈਂ ਚਾ ਲਾਵਾਂ ਦਾਰੂ,*
*'ਅਨੰਤ ਰਹਮ' ਪਤਿਤਾਂ ਭੀ ਉਤੇ*
*ਤ੍ਰੁਠਦਾ ਧੁਰ ਤੋਂ ਆਇਆ"।*

(ਸਫ਼ਾ ੪੧)

*ਡਿਹਰਾਦੂਨ* — *ਪੂਰਨ ਸਿੰਘ*

*14 ਜੁਲਾਈ 1924*

# ਸੂਚੀ ਪੱਤ੍ਰ


ਸਿਰਲੇਖ ..... ਪੰਨਾ

ਮੁਖਬੰਧ ..... 3

ਵਿਛੜੀ ਕੂੰਜ ..... 30

੧. ਰਸ-ਰੰਗ ਛੁਹ ..... 31

ਅਨੰਤ ਦੀ ਛੁਹ ..... 32

ਮੇਰੀ ਜਿੰਦੇ ..... 32

ਚੜ੍ਹ ਚੱਕ ਤੇ ਚੱਕ ਘੁਮਾਨੀਆਂ ..... 33

ਨੂਰ ਚਮਕਦਾ ਮੱਥਾ ..... 34

ਸ਼ਹੁ ਖਿੱਚਾਂ ਵਾਲੇ ..... 34

ਪ੍ਰੇਮ ਤਰੰਗੀਂ ..... 35

ਵਧ ਪਜਾਰ ਵਿਚ-ਪ੍ਰੀਤਮ ..... 35

ਮਹਿੰਦੀ ..... 36

ਉਡਾਰ ਪ੍ਰੀਤਮ ਨੂੰ ਅੱਥਰੂ- ..... 37

ਛੁਹਾਰਾ ..... 37

ਪ੍ਰੀਤਮ ਛੁਹ ..... 38

ਨਿਤ ਅਰਜ਼ੋਈ ..... 38

'ਕਾਵਿ-ਰੰਗ' ਸੁੰਦਰਤਾ ..... 39

ਛੁਹ ਗੈਰੀ ..... 43

ਕੋਈ ਹਰਿਆ ਬੂਟ ਰਹਿਓ ਰੀ ........ 43
ਫੁੱਲ ਤੇ ਯੋਗੀ ........ 44
ਕੰਡੇ ........ 45
ਸ਼ਿਕਾਰਾ ਡਲ ਨੂੰ- ........ 45
ਕੰਬਦੀ ਕਲਾਈ ........ 46

੨. **ਪੱਥਰ ਕੰਬਣੀਆਂ** ........ 47
ਅਵਾਤੀ ਪੁਰੇ ਦੇ ਖੰਡਰ ........ 49
ਮੰਦਰ ਮਾਰਤੰਡ ਦੇ ਖੰਡਰ ........ 49
ਕੰਬਦੇ ਪੱਥਰ ........ 50

੩. **ਕਸ਼ਮੀਰ ਨਜ਼ਾਰੇ** ........ 51
ਭਾਗ ਭਰੀ ਦੇ ਦਰਸ਼ਨਾਂ ਪਰ ........ 52
ਟੁਕੜੀ ਜਗ ਤੋਂ ਨਿਆਰੀ ........ 52
ਡੱਲ ........ 54
ਨਸੀਮ ਬਾਗ਼ ........ 55
ਸ਼ਾਲਾਮਾਰ ........ 55
ਚਸ਼ਮਾ ਸ਼ਾਹੀ ........ 57
ਛੱਭ ਹਾਰਵਨ ........ 57
ਨਿਸ਼ਾਤ ਬਾਗ਼ ........ 59
ਬੀਜ ਬਿਹਾੜੇ ਦੇ ਬੁੱਢੇ ਚਨਾਰ ਨੂੰ ........ 60
ਅਨੰਤ ਨਾਗ ........ 60



www.sikhbookclub.com

ਗੰਧਕ ਦਾ ਚਸ਼ਮਾ....................61
ਇੱਛਾ ਬਲ ਨਾਦ....................61
ਇੱਛਾ ਬਲ....................62
ਇੱਛਾ ਬਲ ਦੇ ਚਨਾਰ ਤੇ ਨੂਰ ਜਹਾਂ....................63
ਇੱਛਾ ਬਲ ਤੇ ਡੂੰਘੀਆਂ ਸ਼ਾਮਾਂ....................63
ਕੁੱਕੜ ਨਾਗ....................64
ਵੈਰੀ ਨਾਗ ਦਾ ਪਹਿਲਾ ਝਲਕਾ....................65
ਵੈਰੀ ਨਾਗ....................66
ਵਿਦਸਥਾਂ ਦਾ ਸੋਮਾ....................67
ਚਸ਼ਮਾ ਮਟਨ ਸਾਹਿਬ....................68
ਲਿੱਧੜ ਨੈਂ....................70
ਗਨੇਸ਼ ਪੁਰ....................70
ਪਹਿਲ ਗਾਮ....................71
ਭੁੱਲ ਚੁਕੀ ਸਭਯਤਾ....................71
ਗੁਲਮਰਗ....................72
ਰੈਣ ਬਸੇਰੇ....................73
ਗਾਧਰ ਬਲ....................74
ਵੁੱਲਰ....................75
ਕਸ਼ਮੀਰ ਤੇ ਸੁੰਦਰਤਾ....................76
ਕ੍ਰਿਸ਼ਨ ਗੰਗਾ....................76
ਨਵਾਂ ਕਸ਼ਮੀਰ....................78



www.sikhbookclub.com

੪ **ਲੱਲੀ** ........................................ 79

ਲੱਲੀ. ........................................ 83

੫. **ਨਿਸ਼ਾਤ ਤੇ ਨੂਰ ਜਹਾਂ.** ........................................ 83

ਨਿਸ਼ਾਤ ਤੇ ਨੂਰ ਜਹਾਂ. ........................................ 85

੬. **ਫਰਾਮੁਰਜ਼ ਦੀ ਵਿਲਕਣੀ.** ........................................ 89

ਫਰਾਮੁਰਜ਼ ਦੀ ਵਿਲਕਣੀ. ........................................ 90

ਕਸ਼ਮੀਰ ਦੀ ਵਿਦੈਗੀ. ........................................ 97

ਵਿੱਛੜੀ ਰੂਹ. ........................................ 98

ੴ

# ਵਿੱਛੜੀ ਕੂੰਜ

. . . . .

. . . . .

. . . . .

. . . . .

. . . . .

ਮਿੱਠੇ ਤਾਂ ਲਗਦੇ ਮੈਨੂੰ
ਫੁੱਲਾਂ ਦੇ ਹੁਲਾਰੇ,
ਜਾਨ ਮੇਰੀ ਪਰ
ਕੁੱਸਦੀ!

. . . . .

. . . . .



www.sikhbookclub.com

੧.

# ਰਸ-ਰੰਗ ਛੁਹ।

 www.sikhbookclub.com

# ਅਨੰਤ ਦੀ ਛੁਹ।

ਹੇ ਅਨੰਤ! ਇਕ 'ਛੁਹ ਤੁਹਾਡੀ' ਨੂੰ
ਦਿਲ ਮੰਗਦਾ ਨਹਿੰ ਰਜਦਾ,
'ਛੁਹ ਤੁਹਾਡੀ' ਦਾ ਕਹਿਰ ਵਿਛੋੜਾ,
ਸੇਲੇ ਵਾਂਗੂ ਵਜਦਾ
ਚਸ਼ਮੇਂ ਨੂੰ ਜਿਉਂ 'ਛੋਹ ਗ਼ੈਬ' ਦੀ
ਮਿਲੀ, ਪਿਆ ਨਿਤ ਖੇਡੇ
'ਛੁਹ ਅਪਣੀ' ਦੀ ਗੋਦ ਖਿਡਾ ਤਿਉਂ-
ਮਾਂ ਨੂੰ ਇਹ ਕੁਛ ਫਬਦਾ।

# ਮੇਰੀ ਜਿੰਦੇ!

ਤੇਰਾ ਥਾਉਂ ਕਿਸੇ ਨਦੀ ਦੇ ਕਿਨਾਰੇ,
ਤੇਰਾ ਥਾਉਂ ਕਿਸੇ ਜੰਗਲ ਬੇਲੇ,
ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉਡਣਾ,
ਤੇ ਗਾਂਦਿਆਂ ਫਿਰਨ ਅਕੇਲੇ,
ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ,
ਤੂੰ ਆਪੇ 'ਆਪੇਂ' ਨਾਲ ਖੇਲੇਂ
ਤੂੰ ਕਿਵੇਂ ਰੌਲਿਆਂ ਵਿਚ ਆ ਖਲੋਤੀ,
ਤੇਰੇ ਚਾਰ ਚੁਫੇਰੇ ਝਮੇਲੇ?

## ਚੜ੍ਹ ਚੱਕ ਤੇ ਚੱਕ ਘੁਮਾਨੀਆਂ।

ਚੜ੍ਹ ਚੱਕ ਤੇ ਚੱਕ ਘੁਮਾਨੀਆਂ,
ਮਹੀਂਵਾਲ ਤੋਂ ਸਦਕੇ (ਪਈ) ਜਾਨੀਆਂ,
ਮੈਂ ਤਾਂ ਬੱਦਲਾਂ ਨੂੰ ਫਰਸ਼ ਬਨਾਨੀਆਂ,
ਉਤੇ ਨਾਚ ਰੰਗੀਲੜੇ ਪਾਨੀਆਂ,
ਬਾਜੀ ਬਿਜਲੀ ਦੇ ਨਾਲ ਲਗਾਨੀਆਂ-
ਖਿੜ ਖਿੜ ਹੱਸਨੀਆਂ ਓਨੂੰ ਸ਼ਰਮਾਨੀਆਂ।
ਤਾਰੇ ਕੇਸਾਂ ਦੇ ਵਿੱਚ ਗੁੰਦਾਨੀਆਂ,
ਚੰਦ ਮੱਥੇ ਤੇ ਚਾ ਲਟਕਾਨੀਆਂ,
ਨੀਲੇ ਅਰਸ਼ਾਂ ਤੇ ਠੁਮਕਦੀ ਜਾਨੀਆਂ,
ਮੀਂਹ ਕਿਰਨਾਂ ਦਾ ਪਈ ਵਸਾਨੀਆਂ,
'ਜਿੰਦ ਕਣੀਆਂ, ਦੀ ਲੁੱਟ ਲੁਟਾਨੀਆਂ,
'ਅਰਸ਼ੀ-ਪੀਂਘ' ਕਮਾਨ ਬਨਾਨੀਆਂ,
ਰੰਗ ਰੂਪ ਦੇ ਤੀਰ ਵਸਾਨੀਆਂ,
ਨੂਰ ਅੱਖੀਆਂ ਵਿਚ ਸਮਾਨੀਆਂ,
ਨੂਰੋ ਨੂਰ ਹੁਵੰਦੜੀ ਜਾਨੀਆਂ,
ਨੂਰ ਨੂਰੀਆਂ ਨੂੰ ਪਈ ਲਾਨੀਆਂ।

## ਨੂਰ ਚਮਕਦਾ ਮੱਥਾ।

ਅਰਸ਼ੀ 'ਛੂਹ' ਤੇਰੀ ਦੇ ਸ੍ਵਾਲੀ
ਅਸੀਂ ਦਰ ਤੇਰੇ ਤੇ ਆਏ,
ਡਰਦੇ ਡਰਦੇ, ਕੰਬਦੇ ਕੰਬਦੇ
ਅਸਾਂ ਗਿਣ ਗਿਣ ਕਦਮ ਰਖਾਏ;
ਐਪਰ ਨੂਰ ਚਮਕਦਾ ਮੱਥਾ
ਅਸਾਂ ਜਦੋਂ ਤੁਧੇ ਦਾ ਡਿੱਠਾ,
ਛੂਹ ਬਖਸ਼ਣ ਦਾ ਸ਼ੌਕ ਤੁਸਾਂ ਵਿਚ
ਸਾਨੂੰ ਡੁਲ੍ਹਦਾ ਨਜ਼ਰੀਂ ਆਏ।

## ਸ਼ਹੁ ਖਿੱਚਾਂ ਵਾਲੇ।

'ਅਸੀਂ ਸਿਕਦੇ, ਤੁਸੀਂ ਸਿਕਦੇ ਨਾਂਹੀ
ਅਸਾਂ ਇਹ ਗਲ ਸੀ ਸਹੀ ਕੀਤੀ,-
ਇਕ ਦਿਨ ਸਿਕਦਿਆਂ ਲੜ ਤੇਰੇ ਦੀ
ਅਸਾਂ ਛੁਹ ਜੋ ਪ੍ਰਾਪਤ ਕੀਤੀ:
'ਸਿੱਕਣ ਸਾਡਾ ਸੀ ਖਿੱਚ ਤੁਸਾਡੀ'
ਸਾਨੂੰ ਇਹ ਗਲ ਨਜ਼ਰੀਂ ਆਈ,-
ਤੁਸੀਂ ਚੁੰਬਕ ਸ਼ਹੁ ਖਿੱਚਾਂ ਵਾਲੇ
ਤੁਸਾਂ ਸਿੱਕ ਅਸਾਂ ਦਿਲ ਸੀਤੀ।

## ਪ੍ਰੇਮ ਤਰੰਗੀਂ।

ਪੁੰਨਿਆਂ ਨੂੰ ਸ਼ਹੁ ਸਾਗਰ ਉਛਲੇ
ਤਾਂਘ ਅਰਸ਼ ਦੀ ਕਰਦਾ,
ਦੂਰ ਵਸੇਂਦੇ ਸੁਹਣੇ* ਵੱਲੇ
ਉਮਲ ਉਮਲ ਜੀ ਭਰਦਾ,
ਜਿਉਂ ਜਿਉਂ ਪਰ ਉਸ ਲਗੇ ਚਾਂਦਨੀ
ਤਿਉਂ ਤਿਉਂ ਕੀ ਉਹ ਦੇਖੇ?
ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀਂ
ਦਾਨ ਉਛਾਲੇ ਕਰਦਾ।

## ਵੱਧ ਪਜਾਰ ਵਿੱਚ-ਪ੍ਰੀਤਮ।

ਸਿਕਦਾ ਸਿਕਦਾ ਵੱਛਾ ਛੁਟਿਆ
ਧਾ ਅੰਮੀਂ ਵਲ ਆਇਆ,
ਅੰਮੀਂ ਉਸ ਤੋਂ ਵੱਧ ਪਿਆਰੇ
ਤ੍ਰੁੱਠ ਤ੍ਰੁੱਠ ਲਾਡ ਲਡਾਇਆ।
ਸਿੱਕਦੀ ਨਦੀ ਜਾਲ ਜੱਫਰਾਂ
ਜਦ ਸ਼ਹੁ ਸਾਗਰ ਪਹੁੰਚੀ,
ਉਸ ਤੋਂ ਵੱਧ ਪਜਾਰ ਵਿਚ ਸਾਗਰ
ਮਿਲਨ ਅਗਾਹਾਂ ਧਾਇਆ।

---

* ਭਾਵ ਚੰਦ੍ਰਮਾਂ ਤੋ ਹੈ।

# ਮਹਿੰਦੀ।

- ਸੱਜਣ ਦੇ ਹੱਥ ਲੱਗੀ ਹੋਈ -

ਆਪੇ ਨੀ ਅਜ ਰਾਤ ਸਜਨ ਨੇ
ਸਾਨੂੰ ਫੜ ਘੁਟ ਰਖਿਆ,

'ਵਸਲ ਮਾਹੀ ਦਾ, ਮਿਹਰ ਮਾਹੀ ਦੀ'
ਅੱਜ ਅਸਾਂ ਨੇ ਲਖਿਆ,-

ਜਿੰਦੜੀ ਸਾਡੀ ਅੰਗ ਸਮਾਂ ਲਈ
ਵੇਖ ਵੇਖ ਖੁਸ਼ ਹੋਵੇ:

ਕਿਉਂ ਸਹੀਓ! ਕੁਈ ਸ੍ਵਾਦ ਸਜਨ ਨੇ
ਛੁਹ ਸਾਡੀ ਦਾ ਭਿ ਚਖਿਆ?

## ਉਡਾਰ ਪ੍ਰੀਤਮ ਨੂੰ ਅਥਰੂ :-

ਨੈਨਾਂ ਦੇ ਵਿਚ ਰੂੰ ਨ ਸੁਖਾਵੇ,
ਅਸੀਂ ਨੈਨਾਂ ਵਾਸ ਵਸਾਏ,
ਤੁਸੀਂ ਸੁਖਾਏ ਸਾਥੋਂ ਬਹੁਤੇ-
'ਅਖ-ਪੁਤਲੀ' ਨੇ ਅੰਕ ਸਮਾਏ?
ਤੁਸੀਂ ਉਡਾਰ ਟਿਕ ਬਹੋ ਨ ਪੁਤਲੀ,
ਜਿਉਂ ਪੰਛੀ ਆਲ੍ਹਣਜੋਂ ਉੱਡੇ-
ਨੈਨਾਂ ਨੇ ਅਸੀਂ ਮਗਰ ਤੁਸਾਡੇ
ਹੁਣ ਢੂੰਡਣ ਬਾਹਰ ਘਲਾਏ।

## ਛੁਹਾਰਾ :-

ਮੂੰਹ ਔੱਡੀ ਅਰਸ਼ਾਂ ਵਲ ਤਕੀਏ
(ਇਕ) ਬੂੰਦ ਨ ਕੋਈ ਪਾਵੇ
ਜਦੋਂ ਅਸਾਂ ਵਿਚ ਆ ਗਿਆ ਕੋਈ
ਆ ਉਹ ਛਹਿਬਰ ਲਾਵੇ,-
ਤਦੋਂ ਅਸੀਂ ਹੋ ਦਾਤੇ ਵਸੀਏ
ਠੰਢ ਸੁਹਾਵਾਂ ਵਾਲੇ,-
ਕਿਧਰੋਂ, ਕੌਣ, ਕਦੋਂ, ਦੱਸ ਸਖੀਏ!
ਕਿਤ ਗੁਣ ਉਹ ਕੁਈ ਆਵੇ?

## ਪ੍ਰੀਤਮ ਛੁਹ।

ਤੁਸਾ ਤੋੜਿਆ ਅਸੀਂ ਟੁੱਟ ਪਏ
ਵਿਛੁੜ ਗਏ ਸਾਂ ਡਾਲੋਂ,
ਤੁਸਾਂ ਸੁੰਘ ਸੀਨੇ ਲਾ ਸੁਟਿਆ
ਵਿਛੁੜ ਗਏ ਤੁਸਾਂ ਨਾਲੋਂ,
ਪੈਰਾਂ ਹੇਠ ਲਿਤਾੜ ਲੰਘਾਊਆਂ
ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ 'ਛੁਹ ਤੁਹਾਡੀਂ ਦਾ
ਅਜੇ ਨ ਭੁਲਦਾ ਸਾਨੋਂ!

## ਨਿਤ ਅਰਜ਼ੋਈ।

ਤੁਸਾਂ ਛੇੜਿਆ, ਅਸੀਂ ਛਿੜ ਪਏ
ਬੀਨ ਜਿਵੇਂ ਸੁਰ ਹੋਈ,
ਛੋੜਜਾ ਤੁਸਾਂ ਅਸਾਂ ਚੁਪ ਕੀਤੀ
ਗੁੰਗਾ ਹੋ ਜਿਉਂ ਕੋਈ:-
ਹੱਥ ਤੁਸਾਡੇ ਜਾਦੂ ਵਸਦਾ,
ਛੁਹਿਆਂ ਜੀਉ ਜੀਉ ਪਈਏ:-
'ਸ਼ਾਲਾ! ਕਦੇ ਵਿਛੋੜ ਨ ਸਾਨੂੰ,'
ਨਿਤ ਨਿਤ ਇਹ ਅਰਜ਼ੋਈ!

# 'ਕਵਿ-ਰੰਗ' ਸੁੰਦਰਤਾ।

ਅਰਥਾਤ ਉਹ ਉੱਚ 'ਸੁੰਦਰਤਾ ਦੀ ਪ੍ਰਤੀਤੀ'
ਜਿਸ ਦੇ ਆਵੇਸ਼ ਵਿਚ ਕਵੀ ਤੇ ਉੱਚ ਕਾਵਜ ਪ੍ਰਕਾਸ਼ਦਾ ਹੈ

ਕਵਿਤਾ ਦੀ ਸੁੰਦਰਤਾਈ
ਉੱਚੇ ਨਛੱਤ੍ਰੀਂ ਵਸਦੀ,
ਅਪਣੇ ਸੰਗੀਤ ਲਹਿਰੇ
ਅਪਣੇ ਪ੍ਰਕਾਸ਼ ਲਸਦੀ,
ਇਕ ਸ਼ਾਮ ਨੂੰ ਏ ਓਥੋਂ
ਹੇਠਾਂ ਪਲਮਦੀ ਆਈ,
ਰਸ ਰੰਗ ਨਾਲ ਕੰਬਦੀ
ਸੰਗੀਤ ਥਰਥਰਾਈ,-
ਜਿਉਂ ਤ੍ਰੇਲ ਤਾਰ ਪ੍ਰੋਤੀ,
ਜਿਉਂ ਆਬ ਮੋਤੀਆਂ ਦੀ
ਨਜ਼ਰਾਂ ਦੀ ਤਾਰ ਪ੍ਰੋਤੀ,
ਨਾਜ਼ਕ, ਸੁਬਕ ਸੁਹਾਈ,
ਕੋਮਲ ਗ਼ਲੇ ਦੀ ਸੁਰ ਜਿਉਂ,
ਝੁਨਕਾਰ ਸਾਜ਼ ਦੀ ਜਿਉਂ,
ਝਰਨਾਟ ਰੂਪ ਵਾਲੀ
ਤਾਰੇ ਡਲ੍ਹਕ ਜਿਉਂ ਛਾਈ।

ਜਿਉਂ ਮਾਂਡ ਥਰਕੇ ਖਿਚਿਆ
ਖਿਚ ਖਾ ਮੈਂ ਰੂਹ ਜੋ ਕੰਬੀ,-
ਹੁਸਨਾਂ ਦੇ ਰੰਗ ਲਹਿਰੇ
ਰਸਝੂੰਮ ਇਕ ਝੁਮਾਈ,
ਪੰਛੀ ਉਡਾਰ[1] ਵਾਂਙੂ,
ਆਪੇ ਦੇ ਖੰਭ ਫੜਕੇ,
ਇਕ ਸੂਰ ਸਿਰ ਨੂੰ ਆਯਾ
ਇਕ ਤਾਰ ਸਿਰ ਝੁਮਾਈ!
ਪੁਛਿਆ ਅਸਾਂ, "ਹੇ ਸੁਹਣੀ!
ਤੂੰ ਆਪ ਸੁੰਦਰਤਾ ਹੈਂ,
"ਹੀਰੇ ਜਵਾਹਰ ਵਾਂਙੂ
ਟਿਕਦੀ ਹੈਂ ਕਿਉਂ ਤੂੰ ਨਾਹੀਂ?
"ਪਰਬਤ ਖੜੇ ਸੁਹਾਵੇ
ਝੀਲਾਂ ਤੇ ਬਨ ਸਮੁੰਦਰ,
"ਕਾਇਮ ਇਨ੍ਹਾਂ ਦੀ ਸੋਭਾ
ਦਾਇਮ[2] ਰਹੇ ਹੈ ਛਾਈ!"
ਬੋਲੀ ਓ ਥਰਥਰਾਂਦੀ
ਲਰਜ਼ੇ ਵਜੂਦ[3] ਵਾਲੀ:-

---

੧. ਉੱਡਣ ਨੂੰ ਤਯਾਰ ਪੰਛੀ ਵਾਂਗੂ।

੨. ਸਦਾ।

੩. ਕਾਂਬਾ ਹੀ ਜਿਸ ਦਾ ਸਰੀਰ ਹੋਵੇ।


www.sikhbookclub.com

''ਬਿਜਲੀ ਦੀ ਕੂੰਦ ਦਮ ਤੂੰ
ਟਿਕਦੀ ਕਿਵੇਂ ਟਿਕਾਈ?
''ਲਸ ਦੇ ਕੇ ਕਿਰਨ ਸੂਰਜ
ਲਰਜ਼ੇ ਦੇ ਦੇਸ਼ ਜਾਵੇ,
''ਸੁਰ ਰਾਗ ਦੀ ਥਰਾਂਦੀ
ਕਿਸ ਨੇ ਹੈ ਬੰਨ੍ਹ ਬਹਾਈ?
''ਉਲਕਾ[1] ਅਕਾਸ਼ ਲਿਸ਼ਕੇ
ਚਮਕਾਰ ਮਾਰ ਖਿਸਕੇ
''ਜੁੱਸਾ ਧਨੁਖ ਅਕਾਸ਼ੀ[2]
ਕਿਸ ਨੇ ਟਿਕਾ ਲਿਆ ਈ?
''ਚੰਦੋਂ ਰਿਸ਼ਮ ਜੁ ਤਿਲਕੇ,
ਤਾਰਯੋਂ ਜੁ ਡਲ੍ਹਕ ਪਲਮੇ
''ਦੇਕੇ ਮਟੱਕਾ ਖਿਸਕੇ,
ਟਿਕਦੀ ਨਜ਼ਰ ਨ ਆਈ।
''ਰਾਤ੍ਰਿਕ ਦੀ ਪਯਾਰ ਚਿਤਵਨ,
ਕੋਇਲ ਦੀ ਕੂਕ ਕੁਹਣੀ[3]
''ਗਮਕਾਰ[4] ਦੇ ਨਸਾਵੇ,-

---

੧. ਅਕਾਸ਼ਾਂ ਵਿਚ ਟੁਟਦੇ ਤੇ ਚਮਕਾਰ ਦੇਂਦੇ ਤਾਰੇ।

੨. ਅਕਾਸ਼ੀ ਪੀਂਘ।

੩. ਕਲੇਜਾ ਕੋਹ ਸੁਟਣ ਵਾਲੀ।

੪. ਸੰਗੀਤਕ ਥਰਰਾਟ।


www.sikhbookclub.com

ਕਾਬੂ ਕਦ ਹੈ ਆਈ?

''ਲਰਜ਼ਾ ਵਜੂਦ ਜਿਨ੍ਹਾਂ ਦਾ

ਲਰਜ਼ਾ ਵਤਨ ਜਿਨ੍ਹਾਂ ਦਾ,

''ਚੱਕਰ ਅਨੰਤ ਅਟਿਕਵੇਂ

ਓਨ੍ਹਾਂ ਦੀ ਚਾਲ ਪਾਈ,

''ਵਿੱਥਾਂ ਅਮਿਣਵੀਆਂ ਵਿਚ,

ਸਿਰ ਚੀਰਦੇ ਥਰਾਂਦੇ,

''ਜਾਂਦੇ ਅਨੰਤ ਚਾਲੀਂ,

ਚਮਕਾਂ ਦੇ ਹਨ ਓਹ ਸਾਈਂ।

'ਚਮਕਾਰ ਰੰਗ ਦੇਣਾ,

ਰਸ ਝੂੰਮ ਵਿਚ ਝੁਮਾਣਾ,

''ਇਕ 'ਜਿੰਦ-ਛੋਹ' ਲਾਣੀ :-

ਅਟਕਣ ਨਹੀਂ ਕਿਥਾਂਈਂ।

''ਲਰਜ਼ਾ ਵਤਨ ਜਿਨ੍ਹਾਂ ਦਾ,

''ਲਰਜ਼ਾ ਵਜੂਦ ਉਨ੍ਹਾਂ ਦਾ,

''ਰੇਖ਼ਾ ਅਨੰਤ ਅਟਿਕਵੀਂ

ਲਰਜ਼ੇ ਦੇ ਮੱਥੇ ਪਾਈ!''

## ਛੁਹ ਗੈਰੀ।

"ਗੈਰੀ ਹੱਥ ਨੇ ਕਿਉਂ ਇਹ ਸਿਹਰਾ
ਹਾਇ, ਮਾਣ ਮਿਰੇ ਗਲ ਪਾਇਆ?
'ਛੁਹ-ਗੈਰੀ ਜਿਉਂ ਵਿਸ ਫਨੀਅਰ ਦੀ,
ਇਸ ਅੱਗ ਭਬੂਕਾ ਲਾਇਆ।
ਕਰਮੇ ਵੇ! ਇਹ ਤੋੜਾਂ ਸਿਹਰਾ
ਅਤੇ ਭੱਠੀ ਦੇ ਵਿਚ ਫੂਕਾਂ,
ਛੁਹ ਉਤਰੇ ਮਨ ਠਉਰੇ ਆਵੇ:
ਰਹੇ ਸੱਜਣ ਨੈਣ ਸਮਾਇਆ!

## ਕੋਈ ਹਰਿਆ ਬੂਟ ਰਹਿਓ ਰੀ।

ਮੀਂਹ ਪੈ ਹਟਿਆ ਤਾਰ ਨਾਲ ਇਕ
ਤੁਪਕਾ ਸੀ ਲਟਕੰਦਾ,
ਡਿਗਦਾ ਜਾਪੇ, ਪਰ ਨਾ ਡਿੱਗੇ:-
ਪੁਛਿਆ ਰੋਇ ਸੁਣੰਦਾ:-
"ਅਰਸ਼ਾਂ ਤੋਂ ਲੱਖਾਂ ਹੀ ਸਾਥੀ
ਕੱਠੇ ਹੋ ਸਾਂ ਆਏ,
"ਕਿਤ ਵਲ ਲੋਪ ਯਾਰ ਓ ਹੋਏ?
ਮੈਂ ਲਾ ਨੀਝ ਤਕੰਦਾ।"

# ਫੁੱਲ ਤੇ ਯੋਗੀ।

ਖਿੜੇ ਫੁਲ ਨੂੰ ਪਜਾਨੀ ਸੀ ਇਕ
ਪਜਾਨ ਨਾਲ ਪਜਾ ਭਰਦਾ
ਅਸਾਂ ਪੁੱਛਿਆ, ''ਜੁੜੇ ਮਨਾ ਤੂੰ,
ਕਿਉਂ ਪਜਾ ਇਸਤੇ ਮਰਦਾ?"

ਕਹਿਣ ਲਗਾ: ''ਮੈਂ ਸੁਣਨੀਆਂ ਚਾਹਾਂ
ਇਸ ਦੇ ਦਿਲ ਦੀਆਂ ਗੱਲਾਂ,
''ਇਸ ਲਈ ਇਸਨੂੰ ਜੀਭ ਲਾਣ ਦਾ
ਜਤਨ ਪਿਆ ਹਾਂ ਕਰਦਾ।"

ਯੋਗੀ ਧਆਨ ਧਰੇਂਦਾ ਹੁੱਟਾ
ਪਰ ਫੁਲ ਜੀਭ ਨ ਪਾਈ,
'ਜੀਭ-ਚੁੱਪ' ਤਾਂ ਬੋਲ ਰਹੀ ਸੀ
ਜੋਗੀ ਨੂੰ ਨ ਦਿਸਾਈ।

ਕੂਕ ਕੂਕ ਸੁਹਣਾ ਪਜਾ ਆਖੇ:
''ਤਨ ਮਨ ਮੇਰਾ ਖੇੜਾ,
''ਖਿੜਨ ਖਿੜਾਵਨ ਬਾਝੋਂ ਸਾਨੂੰ,
ਹੋਰ ਸੁਰਤ ਨਹਿੰ ਕਾਈ।"

## ਕੰਡੇ।

ਫੁਲ ਗੁਲਾਬ ਤੋਂ ਕਿਸੇ ਪੁਛਿਆ:
''ਅਵੇ ਕੋਮਲਤਾ ਦੇ ਸਾਂਈਂ!
''ਇਸ ਸੁਰੂਪ, ਇਸ ਸੁਹਲ ਸੁਹਜ ਨੂੰ'
ਹੈ ਕਿਉਂ ਕੰਡਿਆਂ ਬਜ ਲਾਈ?'
ਮਸਤ ਅਲਸਤੀ ਸੁਰ ਵਿਚ ਸੁਹਣੇ
ਹਸ ਕਿਹਾ: ''ਖਬਰ ਨਹੀਂ ਮੈਨੂੰ
''ਤੋੜ ਨਹੀਂ-ਦੀ ਫੱਟੀ ਭਾਵੇਂ
ਮਿਰੇ ਮੌਲਾ ਨੇ ਲਿਖ ਲਾਈ''।

## ਸ਼ਿਕਾਰਾ[੧] ਡਲ[੨] ਨੂੰ

ਅਸੀਂ ਸ਼ਿਕਾਰੇ ਹੋ ਗਏ ਤੇਰੇ
(ਪਰ) ਬਿਨ ਚੱਪੇ ਬਿਨ ਹਾਂਝੀ[੩]
ਕੋਈ ਠਉਰ ਨ ਥਿੱਤਾ ਸਾਡਾ
'ਮੈਂ' ਤੋਂ 'ਮੈਂ' ਗਈ ਵਾਂਈ,
ਵੇਗ ਵਾਊ ਦੇ ਲਈ ਫਿਰ ਰਹੇ
ਏਧਰ, ਓਧਰ ਗੱਭੇ
ਪਰ 'ਰਸਦਾਤੀ ਛੁਹ' ਤੁਹਾਡੀ ਦੇ
ਰਸੀਏ ਹੋ ਗਏ ਹਾਂ ਜੀ।

---

੧. ਛੋਟੀ ਸੇਰ ਵਾਲੀ ਕਿਸ਼ਤੀ ਨੂੰ ਕਸ਼ਮੀਰ ਵਿਚ ਸ਼ਿਕਾਰਾ ਕਹਿੰਦੇ ਹਨ।

੨. ਸ੍ਰੀ ਨਗਰ ਦੇ ਲਾਗ ਦੀ ਸਾਫ ਪਾਣੀ ਵਾਲੀ ਝੀਲ।

੩. ਮਲਾਹ।

# ਕੰਬਦੀ ਕਲਾਈ।

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ
ਧਾ ਚਰਨਾਂ ਤੇ ਸੀਸ ਨਿਵਾਯਾ
ਸਾਡੇ ਮੱਥੇ ਛੋਹ ਨ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨ ਗਈਆ ਕਾਈ।

ਫਿਰ ਲੜ ਫੜਨੇ ਨੂੰ ਉਠ ਦੌੜੇ
ਪਰ ਲੜ ਓ 'ਬਿਜਲੀ-ਲਹਿਰਾ',
ਉਡਦਾ ਜਾਂਦਾ ਪਰ ਉਹ ਅਪਣੀ
ਛੁਹ ਸਾਨੂੰ ਗਯਾ ਲਾਈ,
ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂਆਂ ਵਿਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ,
ਹੁਣ ਚਕਾਚੂੰਧ ਹੈ ਛਾਈ!



www.sikhbookclub.com

੨.

# ਪੱਥਰ ਕੰਬਣੀਆਂ


www.sikhbookclub.com

## ਅਵਾਂਤੀ ਪੁਰੇ ਦੇ ਖੰਡਰ*।

ਅਵਾਤੀ ਪੁਰਾ ਕੀ ਰਹਿ ਗਤਾ ਬਾਕੀ,
ਦੋ ਮੰਦਰਾਂ ਦੇ ਢੇਰ,
ਬੀਤ ਚੁਕੀ ਸਭਜਤਾ ਦੇ ਖੰਡਰ,
ਦਸਦੇ ਸਮੇਂ ਦੇ ਫੇਰ
ਸਾਖੀ ਭਰ ਰਹੇ ਓਸ ਅੱਖ ਦੀ
ਜਿਸ ਵਿਚ ਮੋਤੀਆ-ਬਿੰਦ,
'ਹੁਨਰ ਪਛਾਣਨ' ਵੱਲੋਂ ਛਾਇਆ,
ਗੁਣ ਦੀ ਰਹੀ ਨ ਜਿੰਦ।

'ਜੋਸ਼ ਮਜ਼ਹਬ' ਤੇ 'ਕਦਰ-ਹੁਨਰ' ਦੀ
ਰਹੀ ਨ ਠੀਕ ਤਮੀਜ਼,
ਰਾਜ਼ੀ ਕਰਦੇ ਹੋਰਾਂ ਤਾਂਈ
ਆਪੂੰ ਬਣੇ ਮਰੀਜ਼।

ਬੁਤ ਪੂਜਾ? 'ਬੁਤ' ਫੇਰ ਹੋ ਪਏ
'ਹੁਨਰ ਨ ਪਰਤਜਾ ਹਾਇ!
ਮਰ ਮਰ ਕੇ 'ਬੁਤ' ਫੇਰ ਉਗਮ ਪਏ,
'ਗੁਣ' ਨੂੰ ਕੌਣ ਜਿਵਾਇ?

---

* ਦੋ ਪੁਰਾਣੇ ਮੰਦਰਾਂ ਦੇ ਖੋਲੇ, ਸ੍ਰੀ ਨਗਰ ਤੇ ਅਨੰਤ ਨਾਗ ਦੇ ਵਿਚਾਲੇ।

# ਮੰਦਰ ਮਾਰਤੰਡ ਦੇ ਖੰਡਰ।

ਮਾਰ ਪਈ ਜਦ ਮਾਰਤੰਡ ਨੂੰ
ਪੱਥਰ ਰੋ ਕੁਰਲਾਣੇ:-

'ਪੱਥਰ ਤੋੜੇਂ? ਦਿਲ ਪਏ ਟੁਟਦੇ!
-ਦਿਲ ਕਾਬਾ ਰੱਬਾਣੇ*-

ਲਾਇਂ ਹਥੋੜਾ ਸਾਨੂੰ? ਪਰ ਤੱਕ!
-ਸੱਟ ਪਏ "ਰਬ-ਘਰ" ਨੂੰ

'ਘਟ ਘਟ ਦੇ ਵਿਚ ਵਸਦਾ ਜਿਹੜਾ!
ਤੂੰ ਕਿਨੂੰ ਰੱਬ ਸਿਞਾਣੇਂ?'

---

* ਦਿਲ ਰੱਬ ਦੇ ਵੱਸਣ ਦਾ ਕਾਬਾ ਹੈ।

# ਕੰਬਦੇ ਪੱਥਰ।

ਮਾਰਤੰਡ[1] ਨੂੰ ਮਾਰ ਪਿਆਂ
''ਹੋਈ ਮੁੱਦਤ'' ਕਹਿੰਦੀ ਲੋਈ,

ਪਰ ਕੰਬਣੀ ਪੱਥਰਾਂ ਵਿਚ ਹੁਣ ਤਕ
ਸਾਨੂੰ ਸੀ ਸਹੀ ਹੋਈ:

ਹਾਇ ਹੁਨਰ ਤੇ ਹਾਏ ਵਿਦਯਾ
ਹਾਇ ਦੇਸ਼ ਦੀ ਤਾਕਤ!

''ਹਾਇ ਹਿੰਦ ਫਲ ਫਾੜੀਆਂ ਵਾਲੇ[2]
ਹਰ ਸਿਲ ਕਹਿੰਦੀ ਰੋਈ।

---

੧. ਇਹ ਸੂਰਜ ਮੰਦਰ ਜਿਥੇ ਕਦੇ ਖਗੋਲ ਵਿਦਯਾ ਦਾ ਟਿਕਾਣਾ ਹੁੰਦਾ ਸੀ
ਹੁਣ ਖੋਲੇ ਪਏ ਹਨ।

੨. ਸੇਬ ਨਾਸ਼ਪਾਤੀ ਵਾਂਙੂ ਇਕ ਜਾਨ ਨਹੀਂ, ਪਰ ਸੰਤਰੇ ਵਾਂਙੂ
ਵਿਚੋਂ ਫਾੜੀ ਫਾੜੀ ਵੱਖੋ ਵੱਖ ਹੈ।''



www.sikhbookclub.com

## ੩.

# ਕਸ਼ਮੀਰ ਨਜ਼ਾਰੇ

 www.sikhbookclub.com

## ਭਾਗਭਰੀ[1] ਦੇ ਦਰਸ਼ਨਾਂ ਪਰ।

ਜਿਸ ਕਿਣਕੇ ਬੰਦ ਹੋਈਆਂ ਤੇਰੀਆਂ
ਰੌਸ਼ਨ ਚਸ਼ਮਾਂ ਰਹੀਆਂ

ਜਿਸ ਕਿਣਕੇ ਹੋ ਬੁੱਢੀ ਠੇਰੀ
ਰਹੀ ਜਵਾਨੀ ਚੜ੍ਹੀਆ,

ਜਿਸ ਕਿਣਕੇ ਪ੍ਰਭੂ ਜੀ ਖਿਚ ਲੀਤੇ
ਸੁਧਾਸਰੋਂ[2] ਚਲਿ ਆਏ,-

ਉਸ 'ਅਨੰਤ ਕਿਣਕੇ ਦੀ ਚਹਿਯੇ
ਅਜ ਕੁਛ ਵੰਡ ਵੰਡਈਆਂ।

## ਟੁਕੜੀ ਜਗ ਤੋਂ ਨਜਾਰੀ।

ਅਰਸ਼ਾਂ ਦੇ ਵਿਚ 'ਕੁਦਰਤ ਦੇਵੀ'
ਸਾਨੂੰ ਨਜ਼ਰੀਂ ਆਈ,
'ਹੁਸਨ-ਮੰਡਲ' ਵਿਚ ਖੜੀ ਖੇਲਦੀ,
ਖੁਸ਼ੀਆਂ ਛਹਿਬਰ ਲਾਈ।
ਦੌੜੀ ਨੇ ਇਕ ਮੁਠ ਭਰ ਲੀਤੀ,
ਇਸ ਵਿਚ ਕੀ ਕੀ ਆਇਆ-

---

੧. ਮੰਦਰ ਹੈ, ਕਾਠੀ ਦਰਵਾਜ਼ੇ ਕਿਲ੍ਹੇ ਪਾਸ। ਇੱਥੇ ਬ੍ਰਿਧ ਮਾਈ ਭਾਗਭਰੀ ਨੂੰ ਤਾਰਨ ਗੁਰੂ ਹਰਿਗੋਬਿੰਦ ਸਾਹਿਬ ਜੀ ਗਏ ਸਨ।

੨. ਅੰਮ੍ਰਿਤਸਰੋਂ।

ਪਰਬਤ, ਟਿੱਬੇ ਅਤੇ ਕਰੇਵੇ
ਵਿਚ ਮੈਦਾਨ ਸੁਹਾਇਆ-
ਚਸ਼ਮੇਂ, ਨਾਲੇ, ਨਦੀਆਂ, ਝੀਲਾਂ
ਨਿੱਕੇ ਜਿਵੇਂ ਸਮੁੰਦਰ,
ਠੰਢੀਆਂ ਛਾਵਾਂ, ਮਿਠੀਆਂ ਹ੍ਵਾਵਾਂ,
ਬਨ ਬਾਗ਼ਾਂ ਜਿਹੇ ਸੁੰਦਰ,
ਬਰਫ਼ਾਂ; ਮੀਂਹ, ਧੁੱਪਾਂ ਤੇ ਬੱਦਲ
ਰੁੱਤਾਂ ਮੇਵੇ ਪਜਾਰੇ,
ਅਰਸ਼ੀ ਨਾਲ ਨਜ਼ਾਰੇ ਆਏ
ਉਸ ਮੁੱਠੀ ਵਿਚ ਸਾਰੇ।
ਸੁਹਣੀ ਨੇ ਅਸਮਾਨ ਖੜੋਕੇ
ਧਰਤੀ ਵੱਲ ਤਕਾਕੇ,
ਇਕ ਮੁੱਠੀ ਖੁਹਲੀ ਤੇ ਸੁਟਿਆ
ਸਭ ਕੁਛ ਹੇਠ ਤਕਾਕੇ।
ਜਿਸ ਥਾਂਵੇਂ ਧਰਤੀ ਤੇ ਆ ਕੇ
ਇਹ ਮੁਠ ਡਿੱਗੀ ਸਾਰੀ,-
ਓਸ ਥਾਉਂ 'ਕਸ਼ਮੀਰ' ਬਣ ਗਿਆ,
ਟੁਕੜੀ ਜਗ ਤੋਂ ਨਜਾਰੀ।
ਹੈ ਧਰਤੀ ਪਰ 'ਛੁਹ ਅਸਮਾਨੀਂ'
ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ, ਸ੍ਵਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਚਸਕੇ।

* ਕਸ਼ੀਮਰ ਵਿਚ ਉਚੇਰੇ ਟਿਬਿਆਂ ਦੀਆਂ ਪੱਧਰਾਂ ਨੂੰ 'ਕਰੇਵਾਂ' ਕਹਿੰਦੇ ਹਨ।

# ਡੱਲ।

(ਸਿਰੀ ਨਗਰ ਦੀ ਝੀਲ)

ਨੀਵੇਂ ਲੁਕਵੇਂ ਥਾਂਇ
ਕੁਦਰਤ ਬਾਗ ਲਗਾਇਆ,

ਉੱਤੇ ਪਾਣੀ ਪਾਇ
ਅਪਣੀ ਵੱਲੋਂ ਕੱਜਿਆ,

ਪਰਦਾ ਪਾਣੀ ਪਾੜ
-ਸੁੰਦਰਤਾ ਨਾ ਲੁਕ ਸਕੀ,-

ਰੂਪ ਸਵਾਇਆ ਚਾੜ੍ਹ
ਨਿਖਰ ਸੰਵਰ ਸਿਰ ਕੱਢਿਆ,

ਤਖਤਾ ਪਾਣੀ ਸਾਫ
ਵਿਛਿਆ ਹੋਇਆ ਜਾਪਦਾ

ਪਰੀਆਂ ਜਿਉਂ ਕੁਹਕਾਫ
ਕਵਲਾਂ ਦਾ ਵਿਚ ਨਾਚ ਹੈ।


www.sikhbookclub.com

## ਨਸੀਮ ਬਾਗ਼

ਜਿਉਂ ਮਾਵਾਂ ਤਿਉਂ ਠੰਢੀਆਂ ਛਾਵਾਂ
ਅਸਾਂ ਤੁਧੇ ਦੀਆਂ ਡਿਠੀਆਂ,
ਠੰਢੀ ਪਜਾਰੀ ਗੋਦ ਤੁਧੇ ਦੀ
ਛਾਂਵਾਂ ਮਿਠੀਆਂ ਮਿਠੀਆਂ
ਮਾਂ ਨੂੰ ਅਪਣਾ ਬਾਲ ਪਿਆਰਾ
ਤੈਨੂੰ ਸਭ ਕੁਈ ਪਜਾਰਾ,
ਜੋ ਆਵੇ ਉਸ ਲਾਡ ਲਡਾਵੇਂ,
ਠਾਰੇਂ ਜਿੰਦੀਆਂ ਲੁਠੀਆਂ।

## ਸ਼ਾਲਾਮਾਰ।

ਜੋਗੀ ਖੜੇ ਚਨਾਰ, ਸ਼ਾਂਤੀ ਵਸ ਰਹੀ,
ਨਹਿਰ ਵਹੇ ਵਿਚਕਾਰ ਬ੍ਰਿਤੀ ਪ੍ਰਵਾਹ ਜਯੋਂ,
ਹਰਿਆ ਹਰਿਆ ਵੰਨ ਮਖਮਲ ਘਾਹ ਦਾ,
ਛਾਇ ਸਹਿਜ ਦਾ ਰੰਗ ਸ਼ਾਂਤਿ ਇਕਾਂਤ ਹੈ।
ਫਿਰ ਆਈ ਅਬਸ਼ਾਰ* ਪਾਣੀ ਢਹਿ ਪਿਆ
ਅਲਾਪ ਸੰਗੀਤ ਉਚਾਰ ਮਨ ਨੂੰ ਮੁਹ ਰਿਹਾ,
ਰੰਗ ਬਲੌਰੀ ਵੰਨ ਡਿਗਦੇ ਦਾ ਲਸੇ,

---

* ਝਰਨਾ।

ਫਿਰ ਕੁਝ ਕਦਮਾ ਲੰਘ ਹੇਠਾਂ ਜਾਂਵਦਾ
ਵਿਚ ਫੁਹਾਰਿਆਂ ਜਾਇ ਉੱਪਰ ਆਂਵਦਾ
ਕਲਾ-ਬਾਜ਼ੀਆਂ ਲਾਇ ਉਛਲੇ ਖੇਡਦਾ
ਲਾਵੇ ਡਾਢਾ ਜ਼ੋਰ ਪਹਿਲ ਉਚਾਣ ਨੂੰ:

ਪਹੁੰਚਾਂ ਮਾਰ ਉਛਾਲ ਪਰ 'ਖਿਚ' ਰੋਕਦੀ
ਉੱਚਾ ਜਾਂਦਾ 'ਖਿਚ' ਫਿਰ ਲੈ ਡੇਗਦੀ-

ਉਛਲ ਗਿਰਨ ਦਾ ਨਾਚ ਹੈਵੇ ਹੋ ਰਿਹਾ।
ਵਿੱਚ ਵਿਚਾਲ ਅਜੀਬ ਬਾਰਾਂ-ਦਰੀ ਹੈ,
ਸ਼ਾਮ ਰੰਗ ਦਾ ਸੰਗ ਜਿਸ ਤੋਂ ਬਣੀ ਹੈ।
ਇਸ ਦੇ ਚਾਰ ਚੁਫੇਰ ਪਾਣੀ ਖੇਡਦਾ।

ਉਠਣ ਡਿਗਣ ਦਾ ਨਾਚ ਨਾਲੇ ਰਾਗ ਹੈ,
ਮਾਨੋਂ ਸਾਵਣ-ਮੀਂਹ ਹੈਵੇ ਪੈ ਰਿਹਾ,
ਓਹ ਅਸਮਾਨੋਂ ਡਿੱਗ ਹੇਠਾਂ ਆਂਵਦਾ,
ਇਹ ਹੇਠੋਂ ਰਾਹ ਪਾੜ ਉੱਛਲ ਵੱਸਦਾ।

ਇਸ ਦੀ ਧੁਨਿ ਸੰਗੀਤ ਚਮਕ ਸੁਹਾਵਣੀ,-

ਬੈਠਯਾਂ ਇਸ ਵਿਚਕਾਰ ਝੂਟੇ ਦੇਂਵਦੀ,
ਕੁਦਰਤ ਮਾਨੋਂ ਆਪ ਨੱਚ ਰਹੀ ਨਾਚ ਹੈ।
ਇਹ ਰੰਗ ਰਾਗ ਅਪਾਰ ਦਸਕੇ ਨੀਰ ਜੀ,
ਫਿਰ ਅੱਗੇ ਨੂੰ ਜਾਇ ਹੇਠਾਂ ਤਿਲਕਦੇ।


www.sikhbookclub.com

## ਚਸ਼ਮਾ ਸ਼ਾਹੀ।

ਵਿਚ ਹਨੇਰੇ ਘੋਪ ਰਖਿਆ,
ਪਰਬਤ ਭਾਰ ਦਬਾਇਆ,
ਫਿਰ ਬੀ ਵਰਜਜਾ ਰਿਹਾ ਨ ਸੁਹਣਾ
ਚੀਰ ਪੱਥਰਾਂ ਆਇਆ,
ਉੱਮਲ ਉੱਮਲ ਪਵੇ ਮਿਲਣ ਨੂੰ-
ਮਿਲਿਆਂ ਦੇਇ ਹਯਾਤੀ[1]:
ਬੇਪਰਵਾਹ ਲੁਟਾਵੇ ਆਪਾ,
ਲੁਟਿ ਲੁਟਿ, ਭਰਿ ਭਰਿ ਆਇਆ।

## ਛੰਭ ਹਾਰਵਨ।

ਛੰਭ ਹਾਰਵਨ ਲਹਿ ਲਹਿ ਕਰਦਾ
ਪਰਬਤ ਕੁੱਛੜ ਚਾਇਆ,-
ਕੀਹ ਤੂੰ ਸਚਮੁਚ ਪਾਣੀ ਹੈਂ
ਯਾ ਨੈਣਾਂ ਦੀ ਇਕ ਮਾਇਆ?
ਯਾ ਕਿ ਫਰਸ਼ ਜ਼ਮੁੱਰਦ[2] ਉੱਤੇ
ਨੀਰ ਬਲੌਰੀ ਆਇਆ?
ਯਾ ਇਕ ਝੁੰਡ ਸਬਜ਼ ਪਰੀਆਂ ਦਾ
ਵਿਚ ਅਸਮਾਨਾਂ ਛਾਇਆ,-

---

੧. ਜੀਵਨ। ੨. ਪੰਨਾ।

ਨੀਰ ਬਲੌਰੀ ਉਨ੍ਹਾਂ ਸਮਝਿਆ

ਸ਼ੀਸ਼ਾ ਕਿਸੇ ਵਿਛਾਇਆ,

ਜੋਬਨ ਅਪਣਾ ਉਮੰਡ ਉਮੰਡ ਵਿਚ

ਇਸ ਦੇ ਚਹਿਣ ਤਕਾਇਆ,-

ਪਰਤੋ[1] ਸਬਜ਼ ਉਨ੍ਹਾਂ ਦਾ ਇਸ ਵਿਚ

ਦੇਂਦਾ ਸਾਵੀ ਛਾਇਆ?

ਯਾ ਪੰਨੇ ਨੇ ਪੰਘਰ ਖਾਧੀ

ਬਰਫ ਵਾਂਗ ਢਲ ਆਇਆ?

ਪੰਨਾ ਹੋ ਪਾਣੀ ਹੈ ਭਰਿਆ

ਪਲਟ ਆਪਣੀ ਕਾਂਇਆ?

ਯਾ ਪਰਛਾਵਾਂ ਹਰੇ ਰੰਗ ਦਾ

ਪੀਂਘ ਅਕਾਸ਼ੀ ਪਾਇਆ?

ਯਾ 'ਹਰਿਆਵਲ ਕੁਦਰਤ' ਨੇ ਇਕ

ਤੈਂ ਵਿਚ ਰਾਜ਼[2] ਛੁਪਾਇਆ,

ਜੀਅ ਜੰਤ ਨੂੰ ਹਰੇ ਕਰਨ ਦਾ

ਇਹ ਹੈ ਇਕ ਕਨਾਇਆ[3]?

ਭਾਵੇਂ ਕੁਛ ਹੈ ਨੀਰ ਹਾਰਵਨ

ਜਦ ਤੂੰ ਨਜ਼ਰੀ ਆਇਆ,

ਧਾ ਸਰੂਰ ਅੱਖਾਂ ਵਿਚ ਵੜਿਆ

ਆਪਾ ਝੂਮ ਝੁਮਾਇਆ।

---

੧ ਅਕਸ। ਪਰਛਾਵਾਂ। ੨ ਭੇਤ। ੩ ਸੈਨਤ।



www.sikhbookclub.com

# ਨਿਸ਼ਾਤ ਬਾਗ਼।

ਡਲ ਦੇ ਸਿਰ ਸਿਰਤਾਜ
ਖੜਾ ਨਿਸ਼ਾਤ ਤੂੰ,

ਪਰਬਤ ਗੋਦੀ ਵਿੱਚ
ਤੂੰ ਹੈਂ ਲੇਟਿਆ।

ਟਿੱਲੇ ਪਹਿਰੇ-ਦਾਰ
ਪਿੱਛੇ ਖੜੇ ਹਨ,

ਅੱਗੇ ਹੈ ਦਰਬਾਰ
ਡਲ ਦਾ ਵਿੱਛਿਆ।

ਸੱਜੇ ਖੱਬੇ ਰਾਹ
ਸੁਫੈਦੇ ਵੇੜ੍ਹਿਆ,

ਦਿਸਦੀ ਖੜੀ ਸਿਪਾਹ
ਜਜੋਂ ਚੁਬਦਾਰ ਹਨ

## ਬੀਜ ਬਿਹਾੜੇ ਦੇ ਬੁੱਢੇ ਚਨਾਰ* ਨੂੰ –

ਸਦੀਆਂ ਦੇ ਹੇ ਬੁੱਢੇ ਬਾਬੇ!
ਕਿਤਨੇ ਗੋਦ ਖਿਡਾਏ?
ਕਿਤਨੇ ਆਏ ਛਾਵੇਂ ਬੈਠੇ,
ਕਿਤਨੇ ਪੂਰ ਲੰਘਾਏ?

## ਚਸ਼ਮਾਂ ਅਨੰਤ ਨਾਗ।

ਨਿਰਮਲ ਤੇਰਾ ਰੰਗ
ਨਾਉਂ ਅਨੰਤ ਹੈ,
ਗੈਬੋਂ ਨਿਕਲਜੋਂ ਆਇ
ਵਹਿੰਦਾ ਸਦਾ ਤੂੰ
ਨਿਰਮਲਤਾ ਦਾ ਦਾਨ
ਦੇਵੇਂ ਠੰਢਿਆਂ,
'ਅਨੰਤ' ਕਰਾਵੇਂ ਯਾਦ
ਅੰਤਾਂ ਵਾਲਿਆਂ।

* ਇਸ ਵਿਸ਼ਾਲ ਬ੍ਰਿਛ ਦੇ ਮੁੱਢ ਦਾ ਘੇਰਾ ੧੮ ਗਜ ਹੈ।


www.sikhbookclub.com

## ਰੀਧਕ ਦਾ ਚਸ਼ਮਾਂ।

- ਅਨੰਤ ਨਾਗ ਕੋਲ -

''ਰੀਧਕ ਦੇ ਚਸ਼ਮੇਂ! ਦੱਸ ਹੇਠੋਂ
ਤੂੰ ਕਜੋਂ ਬਾਹਰ ਆਇਆ?
ਵੱਟ ਤੀਊੜੀ ਚਸ਼ਮਾਂ ਆਖੇ
''ਤਰਸ ਮਿਰੇ ਦਿਲ ਪਾਇਆ,
''ਭੁਲਿਆਂ ਨੇ ਹਨ ਰੋਗ ਸਹੇੜੇ
ਮੈਂ ਚਾ ਲਾਵਾਂ ਦਾਰੂ,
''ਅਨੰਤ ਰਹਿਮ' ਪਤਿਤਾਂ ਬੀ ਉੱਤੇ
ਤਰੁਠਦਾ ਧੁਰ ਤੋਂ ਆਇਆ।''

## ਇੱਛਾ ਬਲ ਨਾਦ।

ਇੱਛਾ ਬਲ ਜਦ ਨਾਦ ਤਿਰਾ ਆ
ਪਹਿਲਾ ਕੰਨੀਂ ਪੈਂਦਾ,
ਭਰ ਸਰੂਰ ਸਿਰ ਵਿਚ ਇਕ ਜਾਂਦਾ
ਝੂਮ ਇਲਾਹੀ ਲੈਂਦਾ,
ਹੀਰੇ ਵਰਗੀ ਚਮਕ ਨੀਰ ਦੀ
ਅੱਖਾਂ ਨੂੰ ਮਸਤਾਂਦੀ
ਬੇ ਖੁਦੀਆਂ ਦਾ ਝੂਟਾ ਆਵੇ
ਚੜ੍ਹਜਾ ਹੁਲਾਰਾ ਰਹਿੰਦਾ।

# ਇੱਛਾ ਬਲ।

ਪਰਬਤ ਗੋਦੋਂ ਨੀਰ ਨਿਕਲਜਾ ਖੇਡਦਾ,
ਚਮਕੇ ਵਾਂਗ ਬਲੌਰ ਜਾਂਦਾ ਦੌੜਦਾ,
ਵਿਚ ਫੁਹਾਰਿਆਂ ਹੋਇ ਛਹਿਬਰ ਲਾਂਵਦਾ,
ਨਹਿਰਾਂ ਦੇ ਵਿਚਕਾਰ ਜਾਂਦਾ ਗਾਂਵਦਾ,
ਬੂਟਜਾਂ ਫੁੱਲਾਂ ਨਾਲ ਕਰਦਾ ਪਜਾਰ ਹੈ।
ਉਲਟ-ਬਾਜ਼ੀਆਂ ਲਾਇ ਸੁਹਣੇ ਝਰਨਿਓਂ
ਉਛਲੇ ਬਾਗੋਂ ਬਾਹਰ ਡਿਗਦਾ ਗਾਉਂਦਾ:
ਕਰਦਾ ਨਹੀਂ ਅਰਾਮ ਤੁਰਿਆ ਜਾ ਰਿਹਾ।
ਪੰਛੀ ਕਈ ਕਲੋਲ ਏਥੇ ਕਰ ਗਏ,
ਸ਼ਾਹਨ-ਸ਼ਾਹ ਅਮੀਰ ਬੋਲੀਆਂ ਪਾ ਗਏ,
ਕੰਗਲੇ ਕਈ ਗਰੀਬ ਸੁਖ ਆ ਲੈ ਗਏ,
ਨਾ ਟਿਕਿਆ ਏ ਨੀਰ ਆਯਾ ਟੁਰ ਗਿਆ
ਨਾ ਟਿਕਿਆ ਤਿਰੇ ਤੀਰ ਕੋਇ ਭਿ ਆਇਕੇ।
ਪਲਕ ਝਲਕ ਦੇ ਮੇਲ ਦੁਨੀਆਂ ਹੋ ਰਹੇ,
ਖੇਲ ਅਖਾੜਾ ਏਹ ਕੂਚ ਮੁਕਾਮ ਹੈ,
ਚੱਲਣ ਦੀ ਇਹ ਥਾਉਂ ਪਲ ਭਰ ਅਟਕਣਾ
ਚਲੋ ਚਲੀ ਦੀ ਸੱਦ ਹੈਵੇ ਆ ਰਹੀ,
ਝਲਕੇ ਸੁਹਣੇ ਨੈਂਇ ਦੇਂਦੀ ਜਾ ਰਹੀ।

## ਇੱਛਾ ਬਲ ਦੇ ਚਨਾਰ ਤੇ ਨੂਰ ਜਹਾਂ।

- ਕਿਸੇ ਸੁੰਦਰੀ ਦੇ ਹੱਥ ਲਾਉਣ ਤੇ -

ਤੇਰੇ ਜਿਹੀਆਂ ਕਈ ਵੇਰ ਆ
ਹੱਥ ਅਸਾਂ ਨੂੰ ਲਾਏ,
ਪਜਾਰ ਲੈਣ ਨੂੰ ਜੀ ਕਰ ਆਵੇ
ਉਛਾਲ ਕਲੇਜਾ ਖਾਏ,-
ਪਰ ਉਹ ਪਜਾਰ ਸੁਆਦ ਨ ਵਸਦਾ
ਹੋਰ ਕਿਸੇ ਹਥ ਅੰਦਰ,
ਨੂਰ ਜਹਾਂ! ਜੋ ਛੁਹ ਤੇਰੀ ਨੇ
ਸਾਨੂੰ ਲਾਡ ਲਡਾਏ॥

## ਚਸ਼ਮਾਂ ਇੱਛਾ ਬਲ ਤੇ ਡੂੰਘੀਆਂ ਸ਼ਾਮਾਂ।

ਪ੍ਰਸ਼ਨ-

ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾ ਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਬੀ ਨਹਿ ਹਾਰੀ,
ਸੇਲਾਨੀ ਤੇ ਪੰਛੀ ਮਾਲੀ
ਹਨ ਸਭ ਅਰਾਮ ਵਿਚ ਆਏ,
ਸਹਿਮ ਸ੍ਵਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,-
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ।

## ਚਸ਼ਮਾਂ ਕੁੱਕੜ ਨਾਗ।

ਲਟਬਉਰਾ ਪਰਬਤ ਦੇ ਕੁੱਖੋਂ
ਤੂੰ ਖੇਡੰਦੜਾ ਆਇਆ,
ਵਾਂਗ ਬਲੌਰ ਚਮਕਦਾ ਸੀਤਲ
ਨੀਰ ਚਮਕਦਾ ਲਜਾਇਆ,
ਗੀਟਿਆਂ ਨਾਲ ਖੇਡਦਾ ਨਚਦਾ
ਬੂਟੀਆਂ ਦੇ ਗਲ ਲਗਦਾ,
ਮਿੱਠਾ ਨਾਦ ਕਰੇਂਦਾ ਜਾਂਦਾ
ਰੌ ਜਿੱਧਰ ਦਾ ਆਇਆ।

## ਵੈਰੀ ਨਾਗ ਦਾ ਪਹਿਲਾ ਝਲਕਾ।

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅਖੀਆਂ ਵਿਚ ਵਜਦਾ,
ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫੀਰੋਜ਼ੀ, ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜ਼ਬ ਹੋਇ,
ਜੀ ਵੇਖ ਵੇਖ ਨਹੀਂ ਰਜਦਾ।

ਨਾ ਕੋਈ ਨਾਦ ਸਰੋਦ ਸੁਣੀਵੇ
ਫਿਰ 'ਸੰਗੀਤ-ਰਸ' ਛਾਇਆ,
'ਚੁੱਪ ਚਾਨ' ਫਿਰ ਰੂਪ ਤਿਰੇ ਵਿਚ
ਕਵਿਤਾ ਰੰਗ ਜਮਾਇਆ,
ਸਰਦ ਸਰਦ ਪਰ ਛੁਹਿਆਂ ਤੈਨੂੰ
ਰੂਹ ਸਰੂਰ ਵਿਚ ਆਵੇ:
ਗਹਿਰ ਗੰਭੀਰ, ਅਡੋਲ ਸੁਹਾਵੇ!
ਤੈਂ ਕਿਹਾ ਜੋਗ ਕਾਮਇਆ!

# ਵੈਰੀ ਨਾਗ।

- ਇਮਾਰਤਾ ਦੇ ਬਾਗ਼ -

ਵੈਰੀ ਨਾਗ ਫੀਰੋਜ਼ੀ ਬੇਵਾ
ਜਹਾਂਗੀਰ ਜੜਵਾਇਆ।
ਪੱਕਾ ਹੌਜ਼ ਮਹਿਰਾਬਾਂ ਦੁਾਲੇ
ਦੇਕੇ ਸੁਹਜ ਵਧਾਇਆ।
ਸਭ ਤੋਂ ਪਜਾਰਾ ਥਾਉਂ ਜਗਤ ਵਿਚ।
ਦਿਲ ਉਹਦੇ ਨੂੰ ਲੱਗਾ,-
ਦਿਲ ਤੋਂ ਪਜਾਰੀ ਨੂਰ ਜਹਾਂ ਦੀ
ਇਹ ਭੀ ਭੇਟ ਚੜ੍ਹਾਇਆ!
ਬਾਰਾਂ ਦਰੀਆਂ, ਮਹਿਲ ਮਾੜੀਆਂ
ਹੌਜ਼ ਕਿਨਾਰੇ ਬਣੀਆਂ,
ਸਭ ਢੈ ਢੇਰੀ ਹੋਈਆਂ, ਗੁੰਮੀਆਂ,
ਕੁਛ ਅਗ ਲਗਕੇ ਸੜੀਆਂ,-
ਬਾਗ਼ ਸੁਹਾਵਾ ਪਾਤਸ਼ਾਹ ਦਾ
ਮੇਵੇ ਹੈ ਪਜਾ ਵੇਚੇ
ਝਰਨੇ, ਬਾਰਾਂ ਦਰੀਆਂ ਸਭ ਦੀਆਂ
ਸਮਾਂ ਤੋੜ ਰਿਹਾ ਤਣੀਆਂ।

# ਵਿਦਸਥਾਂ ਦਾ ਸੋਮਾ*

ਪਹਿਨ ਸ਼ਿੰਗਾਰ ਸਾਦਗੀ ਵਾਲਾ
ਮਿੱਟੀ ਵਿੱਚੋਂ ਸਰਿਆ,

ਕੱਚਾ ਤਾਲ ਤੇ ਘਾਹ ਉਦਾਲੇ
ਨਿਰਮਲ ਪਾਣੀ ਝਰਿਆ,-

ਜਨਮ ਸਥਾਨ ਕਹਿਣ ਜਿਹਲਮ ਦਾ
ਤੂੰ ਵਿਦਸਥਾਂ ਸੋਮਾ,

ਮੋਹ ਲਯਾ ਤੇਰੀ ਨਿਮਰਤ ਨੇ,
ਤੇਰਿ ਮਾਉਂ ਵੇਖ ਜੀ ਠਰਿਆ।

---

* ਜਿਹਲਮ ਦਾ ਅਸਲ ਸੋਮਾਂ ਤਾਂ ਵੈਰੀ ਨਾਗ ਹੈ, ਪਰ ਜਦ ਵੈਰੀ ਨਾਗ ਜਹਾਂਗੀਰ ਨੇ ਸੈਰ ਅਸਥਾਨ ਬਣਾ ਲਿਆ ਤਦ ਉਪਾਸ਼ਕ-ਮਨਾਂ ਨੇ ਵਿਦਸਥਾਂ ਦੇ ਜਨਮ ਦੀ ਵਡਿਆਈ ਤੇ ਅਪਣੀ ਸ਼ਰਧਾ ਨੂੰ ਇਸ ਚਸ਼ਮੇ ਉੱਤੇ ਲਿਆ ਟਿਕਾਇਆ, ਜੋ ਉਸ ਤੋਂ ਮੀਲ ਕੁ ਉਰੇ ਹੈ।


www.sikhbookclub.com

## ਚਸ਼ਮਾਂ ਮਟਨ ਸਾਹਿਬ।

ਬਿਸਮਿਲ ਮਾਰਤੰਡ ਦੇ ਕੰਢੇ
ਨਾਦ ਵਜਾਂਦਾ ਆਇਆ,
ਛੁਹ ਕਦਮਾਂ ਦੀ ਜਿੰਦ ਪਾਵਣੀ
ਡੁਲ੍ਹਦੀ ਨਾਲ ਲਿਆਇਆ,
ਜਾਗ ਪਏ ਪੱਥਰ ਓ ਮੋਏ
ਰੁਲ ਗਏ ਪਾਣੀ ਜੀਵੇ,
ਨਵਾਂ ਜਨਮ ਦੇ 'ਮਟਨ ਸਾਹਿਬ' ਕਰ
ਉੱਜਲ ਥੇਹ ਵਸਾਇਆ,-
ਸੁਹਣਿਆਂ ਦੇ ਸੁਲਤਾਨ ਗੁਰੂ
ਜਿਨ 'ਨਾਨਕ' ਨਾਮ ਸਦਾਇਆ,
'ਬ੍ਰਹਮ ਦਾਸ' ਪੰਡਤ ਨੂੰ ਏਥੇ
ਅਰਸ਼ੀ ਨੂਰ ਦਿਖਾਇਆ,
ਚਸ਼ਮ 'ਕਮਾਲੇਂ' ਦੀ ਚਾ ਖੁਹਲੀ
ਕੁਦਰਤ ਵਸਿਆ ਦੱਸਿਆ,
ਤਾਲ ਵਿਚਾਲੇ ਥੜਾ ਬਣਜਾ
ਗੁਰ ਬੈਠ ਸੰਦੇਸ ਸੁਣਾਇਆ।
ਇਉਂ ਕਸ਼ਮੀਰ ਜਿਵਾਕੇ ਸੁਹਣਾ
ਜਾ ਕੈਲਾਸ਼ ਨੂੰ ਚੜ੍ਹਿਆ,


www.sikhbookclub.com

ਪਰ ਕਸ਼ਮੀਰ ਆਪ ਹੀ ਮੁੜਕੇ
ਵਿੱਚ ਤਬਾਹੀ ਵੜਿਆ।
ਸਿੰਘ ਰਣਜੀਤ ਮਰਦ ਦਾ ਚੇਲਾ
ਦੇਖੋ ਬੁੱਕਦਾ ਆਇਆ.
ਮੁੜ ਕਸ਼ਮੀਰ ਜਿਵਾਈ ਬਿਸਮਿਲ
ਮਟਨ ਸਾਹਿਬ ਰੰਗ ਖਿੜਿਆ,
ਧਰਮਸਾਲ-ਛੇ ਬਾਰਾਂਦਰੀਆਂ
ਥੜਾ ਵਿਚਾਲ ਫਬਾਇਆ,
ਜਿਸ ਤੇ ਬੈਠ 'ਬ੍ਰਹਮ' ਦਾ ਮੂਧਾ
ਸਤਿਗੁਰ ਕੌਲ ਖਿੜਾਇਆ।
'ਨਾਨਕ-ਛੁਹ' ਦਾ ਸੰਗ ਅਜੇ ਤਕ
ਬਗਦਾਦ* ਸਾਂਭਕੇ ਰਖਿਆ,
'ਨਾਨਕ-ਛੁਹ' ਦਾ ਥੜਾ ਬੰਗਲਾ
ਕਸ਼ਮੀਰ ਨੇ ਭੰਨ ਗਵਾਇਆ।

---

* ਬਹਿਲੋਲ, ਬਗਦਾਦ ਦੇ ਪੀਰ ਨੂੰ ਗੁਰੂ ਨਾਨਕ ਦੇਵ ਜੀ ਨੇ ਐਮ੍ਰਿਤ ਵਾਕ ਕਹੇ ਸੇ, ਹੁਣ ਤਕ ਉਥੇ ਯਾਦਗਾਰੀ ਸੰਗ ਲਗਾ ਹੋਇਆ ਦੱਸੀਦਾ ਹੈ।

## ਲਿੱਧੜ ਨੈਂ।

ਸਦਾ ਸੁੱਤੀਆਂ ਬਰਫ਼ਾਂ ਕਿਧਰੋਂ
ਹੇਠਾਂ ਢਲ ਢਲ ਆਈਆਂ,
ਸੰਗ ਯਸ਼ਬ ਯਾ ਹੌਲ-ਦਿੱਲੀਆਂ
ਪਾਣੀ ਬਣ ਬਣ ਧਾਈਆਂ,-
ਠੰਢੀਆਂ ਠਾਰ ਵਗਣ ਏ ਧਾਰਾਂ
ਕਈ ਕਈ ਹੋ ਇਕ ਹੋਵਨ,
ਨਾਦ ਕਰਨ, ਸੁਰ ਛਿੜੇ ਖਿਰਨਵੀ
ਮਸਤੀਆਂ ਝੂਮ ਝੁਮਾਈਆਂ!

## ਗਨੇਸ਼ਪੁਰ ਦੇ ਟਿਬੇ ਦੀਆਂ ਜੂਹਾਂ।

ਵਖੀਆਂ ਛਾਤੀਆਂ ਹੇ ਪਰਬਤ ਜੀ!
ਤੇਰੀਆਂ ਫਿਰ ਫਿਰ ਡਿੱਠੀਆ
ਚੀੜ੍ਹਾਂ ਚਸ਼ਮੇਂ ਜਿੱਧਰ ਜਾਓ
ਤ੍ਰਬੁੱਕ ਤਕੇਂਦੀਆਂ ਅੱਖੀਆਂ,
ਇਉਂ ਜਾਪੇ ਜਿਉਂ ਵਾਜ ਇਲਾਹੀ
ਗੁਰੂ ਨਾਨਕ ਦੀ ਆਵੇ;
ਨਾਲ ਅਯਾਲੀ ਗੋਸ਼ਟ ਕਰਦੇ
ਨਦਰਾਂ ਪਾ ਪਾ ਮਿੱਠੀਆਂ।

## ਪਹਿਲ ਗਾਮ।

- ਅਕਟੋਬਰ ਵਿਚ -

ਪਹਿਲਗਾਮ ਵੜਦਜਾਂ ਇਉਂ ਜਾਪੇ
ਵੱਸੋਂ ਦੀ ਹੱਦ ਚੁੱਕੀ,
ਕੱਲ ਵਿਲਾਯਤ ਸ਼ੁਰੂ ਹੋ ਗਈ
ਰੌਣਕ ਦੀ ਹਦ ਮੁੱਕੀ,
ਮਹਿਫਲ ਚੁੱਪ, ਰਾਗ ਸ਼ਾਂ ਸ਼ਾਂ ਦੇ
ਸੁਹਜ ਨਿਰਜਨੀ ਛਾਇਆ,
ਫਬਨ ਕੁਦਰਤੀ ਟੁੰਬ ਜਗਾਵੇ :-
"ਕੁਦਰਤ-ਰਸ ਚਖ ਬੁੱਕੀਂ[1]"

## ਭੁੱਲ ਚੁਕੀ ਸਭਜਤਾ*।

ਪੰਡਤਾਣੀ ਕਸ਼ਮੀਰ
-ਸਤਿਕਾਰ ਲਵੇ-ਦਿਸ ਆਂਵਦੀ,
ਇੱਜ਼ਤ ਦਾਰ ਅਮੀਰ
ਪਹਿਰਾਵਾ ਉਸ ਸੋਹਿਣਾ,

---

੧ ਬੁੱਕ ਭਰ ਭਰ ਕੇ

* ਤਹਿਜ਼ੀਬ।


www.sikhbookclub.com

ਵਰੀ ਹਯਾ ਦੇ ਨਾਲ
ਸੁੰਦਰਤਾ ਉਸ ਫਬ ਰਹੀ,
ਫਿਰਦੀ ਖੁੱਲੇ ਹਾਲ-
ਸੰਗ ਨਹੀਂ, ਫਿਰ ਲਾਜ ਹੈ।
ਤੁਰ ਫਿਰ ਰਹੀ ਤਸਵੀਰ
ਕਿਸੇ ਪੁਰਾਣੇ ਸਮੇਂ ਦੀ
ਜਦ ਹੋਸੀ ਕਸ਼ਮੀਰ
ਸੱਭਯ*, ਪ੍ਰਬੀਨ, ਸੁਤੰਤਰਾ।

## ਗੁਲ ਮਰਗ।

ਹੋਰ ਉਚੇਰਾ, ਹੋਰ ਉਚੇਰਾ
ਚੜ੍ਹ ਫਿਰ ਪੱਧਰ ਆਈ,
ਮਖਮਲ ਘਾਹ ਸੁਹਾਵੀ ਕਿਣਮਿਣ
ਠੰਢ ਠੰਢ ਹੈ ਛਾਈ,
ਤਪਤਾਂ ਤੇ ਘਮਸਾਨਾਂ ਛੁਟੀਆਂ
ਉੱਚੇ ਹੋਇਆਂ ਠਰ ਗਏ
ਠਰਨ, ਜੁੜਨ, ਰਸ-ਮਗਨ ਹੋਣ ਦੀ
ਚਉਸਰ ਵਿਛੀ ਇਥਾਈਂ।

---

* ਮੁਹੱਜ਼ਬ।

# ਰੈਣ ਬਸੇਰੇ।

ਪਰੀ ਮਹਿਲ ਤੋਂ ਹੇਠ ਉਰਲੇ ਪਰਬਤੀਂ,
ਚਸ਼ਮਾਂ ਨਿੱਕਾ ਸਾਫ ਹੇਠਾਂ ਜਜੇਸ਼ਠਾ,
ਇਸ ਤੋਂ ਹੇਠਾਂ ਵਾਰ ਸੁਹਣੇ ਬੰਗਲੇ,
ਆਦਰ ਕਰ ਕਸ਼ਮੀਰ ਸਾਨੂੰ ਰੱਖਿਆ।

ਡਲ ਜੀ ਦੇ ਦੀਦਾਰ ਹੇਠਾਂ ਹੋਂਵਦੇ,
ਖੜੇ ਸਫੈਦੇ ਸਾਫ ਝੂੰਮਾਂ ਦੇ ਰਹੇ,
ਖੇਤੀਆਂ ਨਾਲੇ ਬਾਗ਼ ਸਫੈਦੇ ਹਿਲ ਰਹੇ,
ਪੈਲਾਂ ਪਾਣ ਚਕੋਰ ਪਰਬਤ ਵੱਖੀਆਂ,
'ਬਨ ਪਸ਼ੂਆਂ ਚਿਹਚੱਕ' ਰਾਤੀਂ ਸੁਣੀਂਦੀ।
ਪਿੱਛੇ ਖੜੇ ਪਹਾੜ, ਨਿਰਜਨ ਸੁੰਦਰਤਾ,
ਸ਼ਾਂ ਸ਼ਾਂ ਦਾ ਸੰਗੀਤ ਕੰਨੀਂ ਆਂਵਦਾ।

ਚੰਦ ਚੜ੍ਹੇ ਪਿਛਵਾਰ, ਅੱਗੇ ਪੈ ਰਹੇ,
ਪਰਛਾਵੇਂ ਰਮਣੀਕ ਸੁਹਣੇ ਸਹਿਮਵੇਂ,
ਇਉਂ ਜਾਪੇ ਕਿ ਸ਼ੋਰ ਉਹਲੇ ਹੋ ਗਿਆ,
ਇਕਾਂਤ ਵਲਾਯਤ ਵਿੱਚ ਆਕੇ ਟਿਕ ਗਏ,
ਠੰਢੀ ਵਹੇ ਸ਼ਮੀਰ ਦੇਂਦੀ ਲੋਰੀਆਂ।

# ਗਾਂਧਰ ਬਲ।

ਬਰਫਾਂ ਨਰਮੀ ਖਾਇ ਹੇਠਾ ਉਤਰੀਆਂ,-
ਠੰਢਕ ਵੰਡ ਵੰਡਾਇ ਲੁਟਾਈਏ ਆਪਣੀ,
ਬਣਕੇ ਦਾਨ-ਸਰੂਪ ਏਥੇ ਆਂਦੀਆਂ,
ਨਿਰਮਲ ਨੀਰ ਅਨੂਪ ਹੋਕੇ ਵਗਦੀਆਂ।
ਠੰਢੀ ਟੁਰੀ ਹਵਾਉ ਦਰਿਓਂ[1] ਉੱਚਿਓਂ,
ਖੇਡੰਦੜੀ ਏ ਵਾਉ ਇਸ ਤੋਂ ਹੋ ਰਿਹਾ
ਸੁਹਣਾ ਨਾਲ ਛੁਹਾਉ ਛਹਿਬਰ ਲਾ ਰਿਹਾ।

ਧਰਤੋਂ ਕਢ ਸਿਰ ਬਾਰੁ ਚਨਾਰਾਂ ਨਿਕਲੀਆਂ
ਥਾਵਾਂ ਠੰਢੀਆਂ ਠਾਰ ਹੋਇ ਖਲੋਤੀਆਂ,
ਠੰਢੀਆਂ ਛਾਵਾਂ ਜਾਣ ਮੀਂਹ ਜਿਉਂ ਪੈ ਰਿਹਾ,
ਸੁਹਣਿਆਂ ਵਾਲੀ ਸ਼ਾਨ ਹੋ ਰਹੀ ਦਾਨ ਹੈ।

ਠੰਢਾ ਠੰਢਾ ਨੀਰ ਠੰਢੀ ਛਾਉਂ ਹੈ,
ਠੰਢੀ ਝੁਲੇ ਸ਼ਮੀਰ ਤ੍ਰੈ-ਏ ਠੰਢੀਆਂ,
ਮਾਨੋਂ ਠੰਢੀਆਂ[2] ਪਾਣ ਤਪਤ ਮਿਟਾਣ ਨੂੰ।

---

੧ ਪਹਾੜ ਦੇ ਦਰੇ ਤੋਂ।

੨ ਜੋੱਫੀਆਂ।



www.sikhbookclub.com

ਤਪਤ ਹੁਨਾਲੇ ਵਿਚ ਠੰਢਾ ਥਾਉਂ ਹੈ,
ਭਿੰਨੀ ਹੈ ਖੁਸ਼ਬੋਇ ਠੰਢਕ ਪੈ ਰਹੀ।
ਛਾਤੀ ਖੜੇ ਪਹਾੜ ਪਿਛੋਂ ਪਾ ਰਹੇ
ਅੱਗੇ ਖੜਾ ਮਦਾਨ ਲੋਰੀ ਦੇ ਰਿਹਾ।
ਸੁਖ ਦਾ ਪਿੜ ਏ ਥਾਉਂ ਕੁਦਰਤ ਸੋਹਿਣੀ,
ਵਾਂਗੂੰ ਪਜਾਰੀ ਮਾਉਂ ਬਾਲਾਂ ਵਾਸਤੇ
ਰਚਿਆ ਅਤਿ ਰਮਣੀਕ ਸੁਹਾਵਾਂ ਵਾਲੜਾ।

## ਵੁੱਲਰ*।

ਵੁੱਲਰ! ਤੇਰਾ ਖੁੱਲ੍ਹਾ ਨਜ਼ਾਰਾ
ਵੇਖ ਵੇਖ ਦਿਲ ਠਰਿਆ,
ਖੁੱਲ੍ਹਾ, ਵੱਡਾ, ਸੁਹਣਾ, ਸੁੱਚਾ,
ਤਾਜ਼ਾ, ਹਰਿਆ ਭਰਿਆ,
ਸੁੰਦਰਤਾ ਤਰ ਰਹੀ ਤੈਂ ਉਤੇ,
ਖੁਲ੍ਹ ਉਡਾਰੀਆਂ ਲੈਂਦੀ,
ਨਿਰਜਨ ਫਬਨ, ਕੁਆਰੀ ਰੰਗਤ,
ਰਸ ਅਨੰਤ ਦਾ ਵਰਿਆ।

---

* ਸਭ ਤੋਂ ਵੱਡੀ ਝੀਲ, ਜਿਸ ਵਿਚ ਜਿਹਲਮ ਇਕ ਪਾਸਿਓਂ ਪੈਂਦਾ ਤੇ ਦੂਜਿਓਂ ਨਿਕਲਦਾ ਹੈ।


www.sikhbookclub.com

## ਕਸ਼ਮੀਰ ਤੇ ਸੁੰਦਰਤਾ।

ਜਿੱਕੁਰ ਰੁਲਦੇ ਸੇਬ
ਤੇ ਨਸ਼ਪਾਤੀਆਂ
ਵਿੱਚ ਗਿਰਾਂ ਕਸ਼ਮੀਰ,
ਤੀਕਰ ਰੁਲ ਰਹੀ,
ਸੁੰਦਰਤਾ ਵਿਚ ਖ਼ਾਕ
-ਲੀਰਾਂ ਪਾਟੀਆਂ,
ਜਿਕੁਰ ਫੁੱਲ ਗੁਲਾਬ
ਟੁੱਟਾ ਢਹਿ ਪਵੇ
ਮਿੱਟੀ ਘੱਟੇ ਵਿੱਚ
ਹੋਇ ਨਿਮਾਨੜਾ।

## ਕ੍ਰਿਸ਼ਨ ਰੀਂਗਾ।

ਤੇਰਾ ਨੀਰ ਨਿਪੰਗ*
ਕ੍ਰਿਸ਼ਨ ਰੀਂਗ ਤੇਰਾ ਨਾਉਂ,
ਕੱਚਾ ਸਾਵਾ ਰੰਗ
ਧਾਈ ਆ ਰਹੀ!

---

* ਨਿਰਮਲ

ਸੁਹਣੇ ਹਰਿਗੋਬਿੰਦ
ਅਰਸ਼ੋਂ ਆਇ ਜੋ,
ਤਿਨ੍ਹ ਦੇ ਚਰਨ-ਅਰਬਿੰਦ
ਵਿਚ ਤੂੰ ਲੇਟਦੀ,-
ਹੋਈਏਂ 'ਕ੍ਰਿਸ਼ਨਾ-ਰੀਂਗ'
ਹੁਣ ਤੂੰ ਸੁਹਣੀਏ!
ਚਰਣਾਂ ਦਾ ਸਤਿਸੰਗ
ਕਰਦੀ ਉਨ੍ਹਾਂ ਦਾ।
ਅੱਗੇ ਹੋਰ ਨ ਲੰਘ
ਚਰਣਨ ਕਮਲ ਤੋਂ,
ਲੀਨ ਹੋਇ ਵਿਚ ਰੰਗ
ਜਾਹੁ ਸ਼ਮਾਇ ਤੂੰ!
ਪ੍ਰੀਤਮ ਦੀ 'ਛੁਹ-ਅੰਗ'
ਸਜਨੀਏ! ਜੇ ਮਿਲੇ,
ਫਿਰ ਨ ਛੋਡੀਏ ਸੰਗ
ਅੰਕ ਸਮਾਵੀਏ*

---

* ਕ੍ਰਿਸ਼ਨ ਰੀਂਗਾ ਨਾਉਂ ਏਥੇ ਹੀ ਸਮਾਪਤ ਹੋ ਜਾਂਦਾ ਹੈ।


www.sikhbookclub.com

# ਨਵਾਂ ਕਸ਼ਮੀਰ।

ਮੈਂ ਰੁੰਨੀ ਮੈਂ ਰੁੰਨੀ ਵੇ ਲੋਕਾ!
ਮੀਂਹ ਜਿਉਂ ਛਹਿਬਰ ਲਾਏ:

ਟੁਰੀ ਵਿਦਸਥਾਂ[1] ਡਲ[2] ਭਰ ਆਏ:
ਤੇ ਵੂੱਲਰ[3] ਉਮਡ ਉਮਡਾਏ:-

ਆਪਾ ਹੇਠ ਵਿਛਾਕੇ ਸਹੀਓ!
ਅਸਾਂ ਨਵਾਂ ਕਸ਼ਮੀਰ ਬਣਾਇਆ

ਗਾਓ ਸੁਹਾਗ ਨੀ ਸਹੀਓ! ਸੁਹਣਾ
ਕਦੇ ਸੈਰ ਕਰਨ ਚਲ ਆਏ।

## ੪.

# ਲੱਲੀ



www.sikhbookclub.com

# ਲੱਲੀ।

ਕਸ਼ਮੀਰਨ ਇਕ 'ਲੱਲੀ' ਆਖਦੇ,
ਸਾਈਂ-ਇਸ਼ਕ ਪੁਰੋਤੀ,

ਹੋ ਬਉਰੀ ਨੰਗੀ ਪਈ ਫਿਰਦੀ
ਅੰਦਰੋਂ ਬਾਹਰੋਂ ਧੋਤੀ।

ਚਾਣਚੱਕ ਕਪੜੇ ਪਈ ਮੰਗੇ
ਆਪਾ ਪਈ ਲੁਕਾਵੇ,

ਕਿਸੇ ਪੁੱਛਿਆ 'ਅੱਜ ਕੀ ਹੋਇਆ?"
ਲੱਲੀ ਨ ਹੋਠ ਖੁਲ੍ਹਾਵੇ।

'ਹੂੰ' ਕਰ ਕੇ ਉਠ ਗਈ ਸੁਹਾਵੀ
ਮਿੱਠੀ ਤਿਊੜੀ ਪਾਈ,

'ਹੁਸਨ-ਅਹਿਸਾਸ' ਜਾਗਿਆਂ* ਵਾਲੀ
ਰਮਜ਼ ਕਿਸੇ ਨਾ ਪਾਈ।

ਨਗਨ ਸੁੰਦਰਤਾ ਨਜਾਣੀ ਨਜਾਣੀ
ਪਰਦਾ ਲੋੜ ਨ ਰਖਦੀ,

ਸੁੰਦਰਤਾ ਮੁਟਿਆਰ ਜਦੋਂ ਹੋ
ਰੰਗ ਰੂਪ ਚੜ੍ਹ ਭਖਦੀ,

---

* ਜੋ ਅੰਦਰਲੇ ਆਪੇ ਦੀ ਸੁੰਦਰਤਾ ਦੇ ਅਨੁਭਵੀ ਹੋ ਜਾਣ।

'ਹੁਸਨ ਅਹਿਸਾਸ'* ਜਦੋਂ 'ਆਪੇ' ਦਾ
ਮਦ ਭਰ ਆਪੇ ਤਕਦੀ,

ਆਪੇ ਤੇ ਆਸ਼ਿਕ ਹੋ ਆਪੇ
'ਮਦ-ਆਪੇ' ਦਾ ਛਕਦੀ,-

ਤਦੋਂ ਡਰੇ ਮਤ ਨਜ਼ਰ ਕਿਸੇ ਦੀ
ਪੈਕੇ ਮੈਲ ਲਗਾਵੇ,

ਨਜ਼ਰ ਦੂਸਰੀ ਤੋਂ ਸ਼ਰਮਾਵੇ,
ਆਪਾ ਪਈ ਲੁਕਾਵੇ।

---

* ਸੁੰਦਰਤਾ ਦੀ ਪ੍ਰਤੀਤੀ।

੫.

# ਨਿਸ਼ਾਤ ਤੇ ਨੂਰਜਹਾਂ

 www.sikhbookclub.com

# ਨਿਸ਼ਾਤ ਤੇ ਨੂਰ ਜਹਾਂ।

ਵਾਹ ਨਿਸ਼ਾਤ ਤਿਰੇ ਫਰਸ਼ ਸੁਹਾਵੇ
ਮਖਮਲ ਨੂੰ ਸ਼ਰਮਾਵਨ,

ਖਿੜੇ ਖਿੜੇ ਹਨ ਫੁੱਲ ਸੁਹਾਵੇ
ਸੁਹਣਿਆਂ ਵੇਖ ਲਜਾਵਨ,

ਨਹਿਰਾਂ ਵਗਣ, ਫੁਵਾਰੇ ਛੁੱਟਣ,
ਅਬਸ਼ਾਰ ਝਰਨਾਵਨ,

ਪਾਣੀ ਕਰੇ ਕਲੋਲ ਮਸਤਵੇਂ
ਝਰਨੇ ਰਾਗ ਸੁਣਾਵਨ,

ਜਿਉਂ ਕੱਥਕ ਗਾਵਣ ਤੇ ਨੱਚਣ
ਨਾਲ ਬਤਾਵਾ ਲਾਵਨ।

ਖੜੇ ਚਨਾਰ ਦੁਵੱਲੀ ਸੁਹਣੇ
ਠੰਢੀਆਂ ਛਾਂਵਾਂ ਪਾਵਨ,

ਜਿਵੇਂ ਪਾਰਖਦ ਇੰਦ੍ਰਪੁਰੀ ਤੋਂ
ਆਏ ਰੂਪ ਦਿਖਾਵਨ,

ਖੇੜੇ ਸੁਹਜ ਸੁੰਦਰਤਾ ਸਾਰੇ
ਹੋ ਕੱਠੇ ਰੰਗ ਲਾਵਨ।

ਪਰ ਨਿਸ਼ਾਤ ਤੇਰੇ ਵਿਚ ਕੁਝ ਕੁਝ
ਨਜ਼ਰ ਉਦਾਸੀਆਂ ਆਵਨ,-

ਇਤਨਾ ਮਾਲ ਹੁਸਨ ਦਾ ਪਾਕੇ
ਕਿਉਂ ਦਿਲਗੀਰੀਆਂ ਛਾਵਨ?

ਸੁਣ ਇਹ ਵਾਕ ਬਾਗ਼ ਜੀ ਰੋਏ
ਝੀਣੀ ਬਾਣਿ ਸੁਣਾਵਨ:

ਕੁਦਰਤ ਤੇ ਮਾਨੁਖ ਦੇ ਰਚਵੇਂ
ਸਾਜ ਸਮਾਨ ਬਣਾਵਨ

ਕਮੀ ਨਹੀਂ ਮੈਂ ਰਹੀ ਕਿਸੇ ਗਲ
ਖੇੜੇ ਸੁਹਜ, ਸੁਹਾਵਨ;

ਅੱਖਾਂ ਭੀ ਲੱਖਾਂ ਆ ਆ ਕੇ
ਮੇਰੀ ਕਦਰ ਕਰਾਵਨ,

ਵਾਹ ਵਾਹ ਕਰਨ, ਖਿੜਨ ਖੁਸ਼ ਹੋਵਨ,
ਉਸਤਤਿ ਮੇਰੀ ਗਾਵਨ,

ਐਪਰ ਨੈਣ ਓ ਨੂਰ ਜਹਾਂ ਦੇ
ਜੋ ਖਿੱਚਾਂ ਵਿਚ ਆਵਨ,

ਬਉਰੈ ਹੋ ਆਪੇ ਵਿਚ ਖਿਚਦੇ
ਨੈਣੀਂ ਨੇਣ ਸਮਾਵਨ,

ਨੈਣ ਕਟੋਰੇ ਨੂਰ-ਜਹਾਂ ਦੇ
ਮਦ ਭਰ ਮਦ ਭਰ ਲਜਾਵਨ,

---

ਬਣਤ।

ਨੈਣ ਪਿਆਸੇ ਅਪਣੇ ਉਸ ਦੇ
ਨੈਣਾਂ ਵਿਚ ਸਮਾਵਨ,

ਰਜ ਰਜ ਪੀਣ, ਮਸਤ ਹੋ ਨ੍ਹਾਵਨ,
ਪਜਾਰੀ ਝੂੰਮ ਝੁਮਾਵਨ,

ਰੰਗ ਰਤੜੇ ਓ ਨੈਣ ਓਸ ਛਿਨ,
ਪੀਂਘ ਚੜ੍ਹੇ ਰੰਗ ਲਾਵਨ,

'ਹੁਸਨ-ਅਹਿਸਾਸ'[1] ਆਪਣੇ ਜਾਗਣ
ਮਦ ਭਰ ਮਦ ਬਰਸਾਵਨ,

ਕਦੇ ਨਜ਼ਰ ਭਰ ਵੇਖਣ ਸਾਨੂੰ
ਕਾਂਬਾ ਇਕ ਛਿੜਾਵਨ;

ਛੁਹ ਨੈਣਾਂ ਦੀ ਓਸ ਪਲਕ ਦੀ
ਬਿਜਲੀ ਦੀ ਥਰਰਾਵਨ,

ਰਗ ਰੇਸੇ ਸਾਡੇ ਵਿਚ ਫਿਰ ਕੇ
ਭਰ ਦੇਂਦੀ ਕੰਪਾਵਨ,-

ਉਹ ਰਸ ਭਰੀ ਲਹਿਰ ਸੀ ਖੇੜਾ
ਉਹ ਨਿਸ਼ਾਤ[2] ਮਨ ਭਾਵਨ,

ਉਹ ਦੇਂਦੀ ਇਕ ਹੁਸਨ ਹੁਲਾਰਾ
ਬੇ ਮਲੂਮ ਖਿੜ-ਜਾਵਨ,

---

੧. ਆਪਣੇ ਅੰਦਰ ਉੱਚੀ ਸੌਂਦਰਯ ਪ੍ਰਤੀਤੀ ਯਾ ਆਪਣੀ ਸੁੰਦਰਤਾ ਦਾ ਅੰਤਰ ਅਨੁਭਵ। ੨. ਖੁਸ਼ੀ।


www.sikhbookclub.com

ਪਜਾਰ-ਡੋਰ ਉਹ ਨਿੱਕੀ ਜੇਹੀ
ਸੁਤਿਆਂ ਟੁੰਬ ਜਗਾਵਨ;
ਫਿਰ ਨਹੀਂ ਮਿਲੀ ਦਾਤ ਓ ਸਾਨੂੰ
ਪਜਾਰੀ ਲਟਕ ਲਗਾਵਨ।

ਖੇੜੇ, ਖੁਸ਼ੀਆਂ; ਫੁੱਲ ਸੁਹਾਵੇ,
ਫਲ, ਮੇਵੇ ਪਏ ਆਵਨ,

ਡੁਲ੍ਹ ਡੁਲ੍ਹ ਪਵੇ ਸੁੰਦਰਤਾ ਆਈ,
ਹੈ ਬਹਾਰ ਤੇ ਸਾਵਨ,

ਪਰ ਉਹ ਨਜ਼ਰ ਰੰਗ ਵਿਚ ਰੱਤੀ
'ਪਜਾਰ ਪਲੀਂ' ਝਮਕਾਵਨ,

ਰੂਹ ਸਾਡੀ ਨੂੰ ਕਿਧਰੋਂ ਆਕੇ
ਕਰਦੀ ਨਹੀਂ ਖਿੜਾਵਨ,

ਇਸ ਕਰਕੇ ਇਕ ਮਟਕ ਸਹਿਮਵੀਂ
ਬੇ-ਮਲੂਮ 'ਛੂਹ-ਛਾਵਨ'*,

ਖੇੜੇ ਸਾਡੇ ਦੇ ਵਿਚ ਵਸਦੀ,
ਹੁੰਦੀ ਕਿਸੇ ਲਖਾਵਨ,

ਪਜਾਰ-ਪੀੜ ਦੀ ਸੋਝੀ ਜਿਸ ਦਿਲ
ਸਾਈਂ ਕੀਤੀ ਪਾਵਨ।

---

* ਛਾਉਂ ਦੀ ਛੁਹ
ਉਦਾਸੀ ਦਾ ਰੰਗ।

# ੬.

# ਫ਼ਰਾਮੁਰਜ਼ ਦੀ ਵਿਲਕਣੀ


www.sikhbookclub.com

# ਫ਼ਰਾਮੁਰਜ਼ ਦੀ ਵਿਲਕਣੀ।

- ਸ਼ਾਲਾਮਾਰ ਦੀ ਬਾਰਾਂਦਰੀ ਵਿਚ ਸਵੇਰੇ ਸੁਫਨੇ ਤੋਂ ਉੱਠਕੇ

ਪਾਣੀ ਸਾਫ ਸ਼ਫਾਫ ਬਲੌਰੀ ਢਲ ਰਿਹਾ;
ਪਰਬਤ ਵਖੀਓਂ ਸਾਫ ਕਿ ਟੁਰਦਾ ਆ ਗਿਆ।
ਭਰਦਾ ਆਨ ਤਲਾਉ ਕਿ ਚਲਣ ਫੁਹਾਰੜੇ;
ਸੁਹਣਾ ਆਪ ਸੁਹਾਉ ਕਿ ਬਨ ਬਨ ਪੈ ਰਿਹਾ।

ਬਾਰਾਂਦਰੀ ਵਿਚਾਲਿ ਜੁ ਏਸ ਤਲਾਉ ਦੇ,
ਭਰ ਖੁਸ਼ੀਆਂ ਦੇ ਨਾਲ ਜੁ ਪਯਾਰੀ ਦੇ ਰਹੀ,
ਅੰਦਰ ਪਲੰਘ ਡਹਾਇ ਕਿ ਸੁਹਣਾ ਸੌਂ ਰਿਹਾ।
ਠੰਢੀ ਵਗੇ ਹਵਾਇ ਹਿਮਾਲਜੀ, ਸੋਹਣੀ।

ਚਲਣ ਫੁਹਾਰੇ-ਨਾਦ ਕੁਦਰਤੀ ਹੋ ਰਿਹਾ
ਮਸਤੀ ਵਾਲੇ ਸ੍ਵਾਦ ਕਿ ਬੇਖੁਦ ਸੌਂ ਰਿਹਾ।
ਅੱਭੜ ਵਾਹੇ ਜਾਗ ਉਹ ਉਠਕੇ ਬਹਿ ਗਿਆ
'ਅੱਲਾ ਮੇਰੇ ਭਾਗ!' ਉ ਕਹਿ ਕਹਿ ਝੁਕ ਰਿਹਾ
ਹੱਥਾਂ ਵੰਨੇ ਵੇਖ ਉ ਉੱਪਰ ਵੇਖਦਾ,
ਅੰਨੇ ਸੰਨੇ ਦੇਖ ਉ ਮੂੰਹ ਹਥ ਫੇਰਦਾ:
ਉੱਪਰ ਚੁਕ ਚੁਕ ਹੱਥ ਉ ਕਰਦਾ ਜੋਦੜੀ:
'ਅੱਲਾ ਮੈਨੂੰ ਰੱਖ ਮੈਂ ਅਰਜ਼ ਗੁਜ਼ਾਰਦਾਂ'।

ਫਰਾਮਰਜ਼ ਦਿਲਗੀਰ ਇਉਂ ਹੋ ਹੋ ਵਿਲਕਦਾ:
'ਬਖਸ਼ੀਂ ਮੈਂ ਤਕਸੀਰ ਕਿ ਅਰਜ਼ਾਂ ਸੁਣ ਲਈਂ:

'ਸੁਹਣਿਆਂ ਦੇ ਸਿਰਤਾਜ ਵੇ ਅੱਲਾ ਮੇਰਿਆ!
'ਖੂਬਾਂ ਦੇ ਮਹਾਰਾਜ! ਵੇ ਸੁਹਜਾਂ ਵਾਲਿਆ!
'ਹੁਸਨਾਂ ਵਿਚ ਦੀਦਾਰ ਹੁਸਨ ਹੁਇ ਫੈਲਿਓਂ,
'ਕੀਤੇ ਕਰਮ ਅਪਾਰ ਕਿ ਸੁਪਨੇ ਵਿਚ ਤੂੰ
'ਜੰਨਤ* ਦਾ ਦੀਦਾਰ ਮੈਂ ਅੱਜ ਦਿਖਾਲਿਆ।
'ਤੇਰਾ ਸ਼ੁਕਰ ਹਜ਼ਾਰ ਜੁ ਮੈਨੂੰ ਦੱਸਿਆ।
'ਅਗਲਾ ਹਾਲ ਹਵਾਲ ਕਿ ਸੁਫਨੇ ਵਿਚ ਤੂੰ।

'ਖੁਸ਼ ਹੋਇਆਂ ਇਹ ਵੇਖ ਕਿ ਅੱਗੇ ਜਾਇਕੇ
'ਮੇਰੇ ਸੁਹਣੇ ਲੇਖ ਓ ਹੁਸਨਾ ਵਾਲੜੇ
'ਜਾਸਨ ਮੇਰੇ ਨਾਲ, ਮੈਂ ਜੰਨਤ ਵੱਸਣਾ,
'ਕਰਦਾ ਸ਼ੁਕਰ ਹਜ਼ਾਰ ਹਾਂ ਮੈਂ ਸਰਕਾਰ ਦਾ,
'ਪਰਇਕ ਅਰਜ਼ਗੁਜ਼ਾਰ ਮੈਂ ਮਾਣੇਂ ਮੱਤਿਆ
'ਕਰਦਾ ਹਾਂ ਦਰਬਾਰ ਜੁ ਤੇਰਾ ਸੋਹਿਣਾ,
'ਬਖਸ਼ਸ਼ ਨਾਲ ਅਪਾਰ ਏ ਕਰੋ ਕਬੂਲ ਜੀ:

'ਜੰਨਤ ਅਜੇ ਨਸੀਬ ਓ ਮੇਰੇ ਹੋਇ ਨਾਂ,
'ਜੰਨਤ ਇਹ ਕਸ਼ਮੀਰ ਕਿ ਮੈਨੂੰ ਬਖਸ਼ੀਓ,

---

* ਸੁਰਗ

'ਏਥੇ ਪਜਾਰੀ ਨਾਲ ਕਿ ਸੁਹਣਜਾਂ ਰਹਿਣ ਦੇ!
'ਤੂੰ ਲਾਲਾਂ ਦਾ ਲਾਲ[1] ਕਿ ਲਾਲ[2] ਕਮਾਲ ਹੈਂ
'ਪਰ ਉਹ ਲਾਲਾ-ਰੁੱਖ ਮੈਂ ਬਖਸ਼ੀ ਰੱਖਣੀ।
'ਹੂਰਾਂ ਜੰਨਤ ਸੁੱਖ ਨ ਮੈਂ ਹਾਂ ਮੰਗਦਾ।
'ਸੁੱਖ ਅਗਾਹਾਂ ਢੇਰ ਮੈਂ ਸੁਫਨੇ ਦੇਖ ਲਏ!
'ਪਰ ਸੁਹਣਜਾ ਕਰ ਮੇਰੂ ਕਿ ਏਥੇ ਰਹਿਣ ਦੇ।

'ਸੌਂਹ ਅਲਾ ਦੀ ਖਾਇ ਮੈਂ ਅੱਲਾ ਆਖਦਾ:
'ਝਾਕੀ ਪਹਿਲੀ ਪਾਇ ਕਿ ਲਾਲਾ-ਰੁੱਖ ਦੀ
'ਰੂਹ ਖਾ ਗਈ ਹਲੂਲ[3] ਕਿ ਰੂਹ ਰੂਹ ਜਾ ਮਿਲੀ
'ਸੌਂਹ ਹੈ ਨਬੀ ਰਸੂਲ ਸੀ ਮੇਰੇ ਵੱਸ ਨਾਂ।

'ਹਰ ਹਰ ਵਿਚ ਪਰਕਾਸ਼ ਉਹ ਕਹਿੰਦੇ ਹੋ ਰਿਹਾ,
'ਤੇਰਾ ਕਹਿਣ ਨਿਵਾਸ ਹੈ ਹਰ ਇਕ ਰੰਗ ਤੇ:

'ਹਿੰਦੂ ਪੱਥਰ ਵਿੱਚ ਹੈ ਤੈਨੂੰ ਵੇਖਦਾ,
'ਮੁਸਲਮ ਅੱਖਾਂ ਖਿੱਚ ਅਕਾਸ਼ੀਂ ਤੱਕਦਾ,
'ਕੁਦਰਤ ਦੇ ਵਿਚਕਾਰ ਸੁ ਰਸੀਏ ਵੇਖਦੇ,
'ਵਿੱਚ ਅੱਗ ਦੀਦਾਰ ਤੂੰ ਦੇਵੇਂ ਗਿਬਰ[4] ਨੂੰ।
'ਪੀਰਾਂ ਵਿੱਚ ਮੁਰੀਦ ਹੈ ਤੈਨੂੰ ਵੇਖਦੇ
'ਮੈਨੂੰ ਮਿਲੀ ਨ ਦੀਦ ਕਿ ਕਿਧਰੋਂ ਤੁੱਧ ਦੀ!

---

੧ ਪਿਆਰਾ। ੨ ਲਾਲ ਰੰਗ ਦਾ ਰਤਨ, ਮਾਣਕ।
੩ ਪੰਘਰ। ੪. ਅਗਨੀ ਪੂਜ।

'ਲਾਲਾ ਰੁਖ ਦਾ ਨੂਰ ਕਿ ਮੈਂ ਜਦ ਵੇਖਿਆ,
'ਮੇਰਾ ਅਕਲ ਸ਼ਊਰ ਓ ਮੈਂ ਛਡ ਨੱਸਿਆ।
'ਝਲਕਾ ਸੀ ਦੀਦਾਰ ਓ ਤੇਰੇ ਨੂਰ ਦਾ?
'ਤੂੰ ਹੈਂ ਉਸ ਵਿਚਕਾਰ ਕਿ ਜਲਵਾ ਤੁੱਧ ਦਾ?
'ਉਹ ਸੀ ਹੁਸਨ ਕਿ ਪਜਾਰ ਕਿ ਉਹ ਕੁਈ ਸੱਚ ਸੀ?
'ਉਹ ਸੀ ਰੂਪ ਅੰਗਾਰ ਕਿ ਜਾਦੂ ਸਿਹਰ ਸੀ?

'ਅੰਦਰ ਜੋ ਕੰਪਾਇ ਕਿ ਖਾਧਾ ਮੈਂ ਤਦੋਂ,-
'ਉਹ ਸੀ ਜੋ ਸੀ ਹਾਇ ਉਹ ਮੈਨੂੰ ਲੈ ਗਿਆ,
'ਆਪੇ ਤੋਂ ਬੀ ਪਾਰ ਕਿ ਕਿਤੇ ਅਗੰਮ ਥਾਂ
'ਕਦਮਾਂ ਦੀ ਸਹੁੰ ਧਾਰ ਮੈਂ ਅੱਲਾ ਆਖਦਾ,

'ਲਾਲਾ ਰੁਖ਼ ਦੀ ਛੋਹ ਕਿ ਦਰਸ਼ਨ ਓਸਦਾ,
'ਕੰਨ-ਅੱਖੀਆਂ ਦੀ ਟੋਹ ਕਿ ਇੱਕ ਮਟੱਕੜਾ,
'ਮੁਸਕਾਹਟ ਦੀ ਲਹਿਰ ਕਿ ਨਾਦ ਅਵਾਜ਼ ਦਾ
'ਕਰ ਜਾਂਦਾ ਹੈ ਕਹਿਰ ਕਿ ਸੱਕਾਂ ਆਖ ਨਾ।

'ਆਪਾ ਜੁੰਬਸ਼ ਖਾਇ ਕਿ ਲਹਿਰੇ ਲਹਿਰ ਹੋ
'ਝਰਨ ਝਰਨ ਝਰਨਾਇ ਕਿ ਥਰ ਥਰ ਥਰਕਦਾ
'ਕੰਬ ਖਾਇ ਵਿਚ ਰੰਗ ਓ ਡੁਬਦਾ ਲਹਿਰਦਾ,
'ਏਸ ਲਹਿਰ ਦੇ ਚੰਗ* ਹੋ ਮੈਂ ਬੇਵੱਸ ਹਾਂ।

---

* ਪੰਜੇ ਵਿਚ।

'ਇਸ ਝਲਕੇ ਦਾ ਝੱਸ ਜੁ ਇਸ ਦਾ ਸ੍ਵਾਦ ਹੈ,
'ਅੱਲਾ ਅਜੇ ਨ ਖੱਸ ਮੈਂ ਬੀਬੇ ਰਾਣਿਆਂ!
'ਦੂਰ ਵਲੈਤੋਂ ਧਾਇ ਕਿ ਏਥੇ ਆ ਗਿਆਂ,
'ਏ ਫਿਰਦੌਸ[1] ਸੁ ਠਾਇ ਕਿ ਕੌਸਰ ਏਸ ਥਾਂ।
'ਸ਼ਾਲਾਮਾਰ ਨਿਸ਼ਾਤ ਕਿ ਇੱਛਾਬਲ ਸਹੀ
'ਚਸ਼ਮਾ ਸ਼ਾਹੀ ਝਾਤ ਹੈ ਬਾਗ਼ ਅਰੱਮ[2] ਦੀ,
ਲਾਲਾ ਰੁਖ ਦੇ ਬਾਗ ਉ ਬੁਲਬੁਲ ਸੋਹਿਣੀ
'ਸਦਾ ਰਹੇ ਦਿਲਸ਼ਾਦ ਕਿ ਬਾਗ਼ੀਂ ਬੋਲਦੀ,
'ਸਦਾ ਰਹੇ ਰਸਰੰਗ ਉ ਖਿੜੀ ਪਿਆਰੜੀ,
'ਉੱਚੀ ਸੁਰਤ ਸੁਵੰਨ ਕਿ ਲਹਿਰੇ ਲੈ ਰਹੀ,
'ਕਦੀ ਨ ਹੋਇ ਮਲੂਲ ਕਿ ਨਾ ਦਿਲਗੀਰ ਹੋ
'ਚੜ੍ਹਿਆ ਰਹੇ, ਚਲੂਲ ਕਿ ਰੰਗ ਗੁਲਜ਼ਾਰ ਦਾ,
'ਖਿੜੀ ਰਹੇ ਗੁਲਜ਼ਾਰ ਜੁ ਉਸ ਦੇ ਰੂਪ ਦਾ।
ਮੈਨੂੰ ਹੁਇ ਦੀਦਾਰ ਉ ਝਲਕਾ ਰੂਪ ਦਾ।
'ਉਹ ਕਾਂਬਾ, ਉਹ ਦੀਦ ਕਿ 'ਰੂਹ-ਉਛਾਲ' ਓ,
'ਜਿਸਦਾ ਹੋਇ ਸ਼ਹੀਦ ਕਿ ਮੈਂ ਹਾਂ ਜੀਉ ਰਿਹਾ,
'ਜੰਨਤ ਇਹ ਕਸ਼ਮੀਰ ਜੁ ਡਿੱਠਾ ਆਣ ਮੈਂ,
'ਮੇਰੀ ਕਰ ਤਕਦੀਰ ਕਿ ਏਥੇ ਮੈਂ ਰਹਾਂ।

'ਲਾਲਾ ਰੁੱਖ ਤੋਂ ਹਾਇ ਨਾ ਵਿਛੁੜਾਂ ਮੈਂ ਕਦੇ।
'ਏ ਉਪਬਨ, ਏ ਥਾਇ ਕਿ ਬੁਲਬੁਲ ਲਾਲਾ ਰੁਖ

---

੧ ਸੁਰਗ।  ੨ ਸੁਰਗ ਦਾ ਬਾਗ।

‘ਇਸ ਬੁਲਬੁਲ ਦੇ ਗੀਤ ਕਿ ਸੁਣ ਸੁਣ ਖਿੜਾਂ ਮੈਂ,
‘ਸੁਹਣਾ ਇਹ ਸੰਗੀਤ ਥ੍ਰਾਵੇ ਦਿਲ ਮਿਰਾ।
‘ਬੁਲਬੁਲ ਨੂੰ ਰਖ ਸ਼ਾਦ ਕਿ ਗਾਂਦੀ ਹੀ ਰਹੇ,
‘ਥਰਰਾਂਦੀ ਜਿਉਂ ਰਾਗ ਤੇ ਗ਼ਮਕਾਂ ਛੇੜਦੀ।
‘ਕਦੀ ਨ ਵਿਛੁੜਾਂ ਹਾਇ ਮੈਂ ਉਸਦੀ ਛੋਹ ਤੋਂ।
‘ਬਿਰਹਾ ਕਦੀ ਨ ਪਾਇ ਕਿ ਉਸ ਦੀਦਾਰ ਤੋਂ।
‘ਜੱਨਤ ਅਜੇ ਨਸੀਬ ਕਿ ਮੇਰੇ ਹੋਇ ਨਾ,
‘ਜੱਨਤ ਇਹ ਕਸ਼ਮੀਰ ਕਿ ਖੁੱਸੇ ਨਾ ਅਜੇ,
ਮੇਰੀ ਲਾਲਾ-ਰੁੱਖ ਨ ਮੈਥੋਂ ਵਿੱਛੁੜੇ,
‘ਮੈਨੂੰ ਲਾਲਾ-ਰੁੱਖ ਉ ਬਖਸ਼ੀ ਰੱਖਣੀ!

‘ਚਸ਼ਮੇ ਵਹਿਣ ਸਫਾਫ ਉ ਗਾਂਦੇ, ਨੱਚਦੇ
‘ਚਲਣ ਫੁਹਾਰੇ ਸਾਫ ਕਿ ਰਾਗ ਅਲਾਪਦੇ,

‘ਛਾਵਾਂ ਦੇਣ ਚਨਾਰ ਪੰਘੂੜੇ ਝੂਟਦੇ,
‘ਨਾਖਾਂ ਲੂਚੇ ਸੇਉ ਤਿ ਮੇਵੇ ਝੂਮਦੇ,
‘ਰਸ ਅੰਗੂਰ ਅਮੇਉ ਉ ਵੇਲਾਂ ਤੋਂ ਝਰੇ,
‘ਸੂਰਜ ਚੰਦੋਂ ਨੂਰ ਕਿ ਤਾਰਯੋਂ ਚਾਨਣਾ,
‘ਮਿੱਠੀ ਪੌਣ ਠਰੂਰ ਹਿਮਾਲੇ ਦੀ ਜਈ,
‘ਪੰਛੀ ਰਾਗ ਸੁਨਾਣ ਕਲੋਲਾ ਕਰਨ ਤੇ
‘ਫੁਲ ਓ ਮੁਸ਼ਕ ਮਚਾਣ ਕਿ ਮਹਿਕ ਆ
‘ਰਸ ਪੀਂਦੀ ਵਿਚਕਾਰ ਉਸ ਲਾਲਾ ਰੁਖ ਹੁਏ

'ਮਸਤ ਆਪਣੇ ਪਜਾਰ ਖਿੜੀ ਇਕ ਚੰਦ ਜਿਉਂ

'ਮੈਂ ਵਿਚ ਵਾਂਙ ਚਕੋਰ ਕਿ ਤੱਕਾਂ ਚੰਦ ਨੂੰ;

'ਉਸ ਝਲਕੇ ਦੇ ਲੋਰ ਮੈਂ ਕੁਹਕਾਂ ਬੇਖ਼ੁਦਾ।

'ਜੱਨਤ ਅਜੇ ਨਸੀਬ ਓ ਅੱਲਾਂ ਨਾਂ ਕਰੀਂ,

'ਜੱਨਤ ਇਸ ਕਸ਼ਮੀਰ ਕਿ ਮੈਨੂੰ ਰੱਖਦਾ,

'ਬਖਸ਼ੀਂ ਲਾਲਾ-ਰੁੱਖ ਜੁ ਸਦਾ ਬਹਾਰ ਮੈਂ,

'ਬਖਸ਼ੀਂ ਉੱਚਾ ਸੁੱਖ ਮੱਟਕੇ ਹੁਸਨ ਦਾ।

'ਜਿਸ ਛੁਹ ਦੇ ਮੈਂ ਨਾਲ ਕਿ ਹਾਂ ਜੀ ਉੱਠਿਆ

'ਜਿਸ ਛੁਹ ਦੇ ਰੰਗ ਲਾਲ ਮੈਂ ਹੈਵਾਂ ਖਿੜ ਪਿਆ

'ਜਿਸ ਛੁਹ ਦੀ ਲੈ ਛੋਹ ਮੈਂ ਸੁੱਤਾ ਜਾਗਿਆ

'ਉਸ ਦੀ ਛੁਹ ਹੁਣ ਖੋਹ ਨ ਕਰੋ ਅਛੋਹ* ਜੀ।

ਉਸ ਛੁਹ ਦੇ ਪਿਛਵਾਰ ਕਿ ਲੁਕਕੇ ਸੁਹਣਿਆਂ।

'ਛੁਹ ਅਪਣੀ, ਦਾਤਾਰ! ਅਸਾਂ ਨੂੰ ਬਖਸ਼ਣੀ।'

---

* ਛੁਹ ਤੋਂ ਸੱਖਣਾ।

## ਕਸ਼ਮੀਰ ਤੋਂ ਵਿਦੈਗੀ।

ਸੁਹਣਿਆ ਤੋਂ ਜਦ ਵਿਛੁੜਨ ਲਗੀਏ
ਦਿਲ ਦਿਲਗੀਰੀ ਖਾਵੇ,

ਪਰ ਤੈਥੋਂ ਟੁਰਦਿਆਂ ਕਸ਼ਮੀਰੇ!
ਸਾਨੂੰ ਨਾ ਦੁਖ ਆਵੇ,

'ਮਟਕ-ਹਿਲੋਰਾ' ਛੁਹ ਤੇਰੀ ਦਾ
ਜੋ ਰੂਹ ਸਾਡੀ ਲੀਤਾ

ਖੇੜੇ ਵਾਲੀ ਮਸਤੀ ਦੇ ਰਿਹਾ
ਨਾਲ ਨਾਲ ਪਿਆ ਜਾਵੇ!


www.sikhbookclub.com

# ਵਿੱਛੜੀ ਰੂਹ।

. . .

. . . . .

. . . . .

. . . . .

. . . . .

ਵੇ ਮਾਹੀਆ! ਗਲੇ ਤੇਰੇ ਗਾਨੀਆਂ,
ਰੋਵਾਂ ਪਾਣੀ ਨੂੰ
ਕੁਮਲਾਨੀ ਜਾਨੀਆਂ!

. . . . .

. . . . .